Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-

# ਖੇਤੀ ਦੁਨੀਆਂ

www.khetiduniyan.in
Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 28-06-2025 • Vol.43 No.26 • M. 90410-14575 • Page 16 E-mail : khetiduniyan1983@gmail.com

## ਕਿਸਾਨ ਵੀਰੋ ਬਾਸਮਤੀ ਦੀ ਪਨੀਰੀ ਨੂੰ ਜੜ੍ਹ-ਗੰਢ ਰੋਗ ਤੋਂ ਬਚਾਉ

**ਪਿਛਲੇ ਕਈ ਦਿਨਾਂ ਤੋਂ ਪੰਜਾਬ ਦੇ ਸੰਗਰੂਰ, ਮਾਨਸਾ, ਬਠਿੰਡਾ, ਫਰੀਦਕੋਟ ਆਦਿ ਜ਼ਿਲ੍ਹਿਆਂ ਵਿੱਚੋਂ ਪੰਜਾਬੀ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਮਾਹਿਰਾਂ ਨੂੰ ਕਈ ਕਿਸਾਨ ਵੀਰਾਂ ਦੇ ਫੋਨ ਆ ਰਹੇ ਹਨ ਕਿ ਉਨ੍ਹਾਂ ਦੀ ਝੋਨੇ ਦੀ ਪਨੀਰੀ ਵਿੱਚ ਜੜ੍ਹ-ਗੰਢ ਨੀਮਾਟੋਡ ਰੋਗ ਦਾ ਹਮਲਾ ਹੋ ਗਿਆ ਹੈ ਅਤੇ ਹੁਣ ਕੀ ਕਰੀਏ ? ਕਿਸਾਨ ਵੀਰੋ, ਜੜ੍ਹ ਗੰਢ ਰੋਗ ਇੱਕ ਨੀਮਾਟੋਡ ਦੇ ਹਮਲੇ ਨਾਲ ਜ਼ਮੀਨ ਵਿੱਚੋਂ ਲੱਗਣ ਵਾਲਾ ਰੋਗ ਹੈ । ਇਸ ਦੇ ਹਮਲੇ ਨਾਲ ਪ੍ਰਭਾਵਿਤ ਪਨੀਰੀ 'ਤੇ ਖੁਰਾਕੀ ਤੱਤਾਂ (ਜਿਵੇਂ ਕਿ ਲੋਹੇ, ਜ਼ਿੰਕ, ਨਾਈਟਰੋਜਨ, ਸਲਫਰ ਆਦਿ) ਅਤੇ ਪਾਣੀ ਦੀ ਘਾਟ ਵਰਗੇ ਲੱਛਣ (ਪਲੱਤਣ) ਦਿਖਾਈ ਦਿੰਦੇ ਹਨ । ਕਈ ਕਿਸਾਨ ਵੀਰ ਅਣਜਾਣਪੁਣੇ ਵਿੱਚ ਅਜਿਹੀ ਪਨੀਰੀ ਉੱਤੇ ਲੋਹਾ, ਜ਼ਿੰਕ ਆਦਿ ਦਾ ਛਿੜਕਾਅ ਕਰ ਦਿੰਦੇ ਹਨ ਅਤੇ ਪਨੀਰੀ ਫਿਰ ਵੀ ਠੀਕ ਨਹੀਂ ਹੁੰਦੀ । ਇਸ ਲਈ ਜਿਹੜੇ ਕਿਸਾਨ ਵੀਰਾਂ ਨੇ ਅਜੇ ਬਾਸਮਤੀ ਦੀ ਪਨੀਰੀ ਬੀਜਣੀ ਹੈ, ਉਨ੍ਹਾਂ ਨੂੰ ਗੁਜਾਰਿਸ਼ ਕੀਤੀ ਜਾਂਦੀ ਹੈ ਕਿ ਉਹ ਪਨੀਰੀ ਬੀਜਣ ਤੋਂ ਪਹਿਲਾਂ ਹੀ ਜੜ੍ਹ-ਗੰਢ ਨੀਮਾਟੋਡ ਦੀ ਰੋਕਥਾਮ ਜ਼ਰੂਰ ਕਰ ਲੈਣ ।**

ਅਮਰਜੀਤ ਸਿੰਘ, ਹਰਵਿੰਦਰ ਸਿੰਘ ਬੁੱਟਰ ਅਤੇ ਗੁਰਪ੍ਰੀਤ ਸਿੰਘ ਮੱਕੜ, ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 70095-73527)

**ਜੜ੍ਹ-ਗੰਢ ਰੋਗ ਦੇ ਲੱਛਣ :** ਜੜ੍ਹ-ਗੰਢ ਰੋਗ ਦੇ ਲੱਛਣ ਝੋਨੇ ਜਾਂ ਬਾਸਮਤੀ ਦੀ ਪਨੀਰੀ ਅਤੇ ਫ਼ਸਲ 'ਤੇ ਧੌੜੀਆਂ ਵਿੱਚ ਦਿਖਾਈ ਦਿੰਦੇ ਹਨ । ਇਸ ਦੇ ਹਮਲੇ ਨਾਲ ਪ੍ਰਭਾਵਿਤ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਆਕਾਰ ਵਿੱਚ ਛੋਟੇ ਰਹਿ ਜਾਂਦੇ ਹਨ । ਜੜ੍ਹ-ਗੰਢ ਰੋਗ ਦੇ ਨੀਮਾਟੋਡਸ ਅਕਸਰ ਬੂਟਿਆਂ ਦੇ ਲੁਕਵੇਂ ਦੁਸ਼ਮਣ ਵਜੋਂ ਜਾਣੇ ਜਾਂਦੇ ਹਨ, ਕਿਉਂਕਿ ਇਨ੍ਹਾਂ ਦੀ ਲਾਗ ਦੇ ਕਾਰਨ ਪੈਦਾ ਹੋਣ ਵਾਲੇ ਲੱਛਣ ਜ਼ਮੀਨ ਦੇ ਅੰਦਰ ਜੜ੍ਹਾਂ ਉੱਤੇ ਦਿਖਾਈ ਦਿੰਦੇ ਹਨ । ਬਾਹਰੋਂ ਦੇਖਣ 'ਤੇ ਅਜਿਹੇ ਬੂਟੇ ਪੀਲੇ ਅਤੇ ਛੋਟੇ ਨਜ਼ਰ ਆਉਂਦੇ ਹਨ । ਜੇਕਰ ਬੂਟਿਆਂ ਨੂੰ ਪੁੱਟ ਕੇ ਦੇਖਿਆ ਜਾਵੇ ਤਾਂ ਇਨ੍ਹਾਂ ਦੀਆਂ ਜੜ੍ਹਾਂ ਸਿਰੇ ਤੋਂ ਮੁੜ ਕੇ ਮੋਤੀਆਂ ਜਾਂ ਮਣਕਿਆਂ ਵਰਗੀਆਂ ਦਿਖਾਈ ਦਿੰਦੀਆਂ ਹਨ । ਇਸ ਰੋਗ ਤੋਂ ਪ੍ਰਭਾਵਿਤ ਪਨੀਰੀ ਮਾੜੀ ਰਹਿ ਜਾਂਦੀ ਹੈ ਅਤੇ ਅਜਿਹੀ ਪਨੀਰੀ ਤੋਂ ਲਗਾਈ ਫ਼ਸਲ ਪੈਦਾਵਾਰ ਵੀ ਘੱਟ ਮਿਲਦੀ ਹੈ ।



**ਜੜ੍ਹ-ਗੰਢ ਰੋਗ ਦੀ ਸਰਵਪੱਖੀ ਰੋਕਥਾਮ :** ਕਿਸਾਨ ਵੀਰੋ ਜੜ੍ਹ-ਗੰਢ ਨੀਮਾਟੋਡ ਰਹਿਤ ਪਨੀਰੀ ਤਿਆਰ ਕਰਨ ਲਈ ਉਸ ਥਾਂ ਦੀ ਚੋਣ ਕਰੋ, ਜਿੱਥੇ ਪਿਛਲੇ ਸਾਲ ਨੀਮਾਟੋਡ ਦਾ ਹਮਲਾ ਨਾ ਹੋਇਆ ਹੋਵੇ । ਪਨੀਰੀ ਵਾਲੀ ਥਾਂ ਨੂੰ ਕੱਦੂ ਕਰਕੇ ਫਿਰ ਬਿਜਾਈ ਕਰੋ। ਬਾਸਮਤੀ ਦੀ ਪਨੀਰੀ ਦੀ ਬਿਜਾਈ ਤੋਂ 10 ਦਿਨ ਪਹਿਲਾਂ 40 ਗ੍ਰਾਮ ਸਰ੍ਹੋਂ ਦੀ ਖਲ ਪ੍ਰਤੀ ਵਰਗ ਮੀਟਰ (1.0 ਕਿਲੋ ਪ੍ਰਤੀ ਮਰਲਾ) ਦੇ ਹਿਸਾਬ ਨਾਲ ਰਾਉਣੀ ਤੋਂ ਬਾਅਦ ਪਾ ਦਿਉ। ਪਰ ਖਿਆਲ ਰੱਖਣਾ ਕਿ ਸਰ੍ਹੋਂ ਦੀ ਖਲ ਪਾਉਣ ਤੋਂ 10 ਦਿਨਾਂ ਬਾਅਦ ਹੀ ਪਨੀਰੀ ਦੀ ਬਿਜਾਈ ਕਰਨੀ ਹੈ । ਜਿੱਥੇ ਪਾਣੀ ਦੀ ਘਾਟ ਹੋਵੇ, ਉੱਥੇ ਜੜ੍ਹ-ਗੰਢ ਨੀਮਾਟੋਡ ਦਾ ਹਮਲਾ ਜ਼ਿਆਦਾ ਪਾਇਆ ਜਾਂਦਾ ਹੈ। ਇਸ ਲਈ ਪਨੀਰੀ ਨੂੰ ਪਾਣੀ ਦੀ ਘਾਟ ਨਾ ਆਉਣ ਦਿਉ। ਜੜ੍ਹ-ਗੰਢ ਨੀਮਾਟੋਡ ਨਾਲ ਪ੍ਰਭਾਵਿਤ ਪਨੀਰੀ ਦੀ ਵਰਤੋਂ ਕਰਨ ਨਾਲ ਇਹ ਨੀਮਾਟੋਡ ਖੇਤਾਂ ਵਿੱਚ ਫੈਲ ਜਾਂਦਾ ਹੈ, ਇਸ ਕਰਕੇ ਅਜਿਹੀ ਪਨੀਰੀ ਨਾ ਵਰਤੋ ।

# ਪੰਜਾਬ ਵਿੱਚ ਕਰੀਬ 50 ਫੀਸਦੀ ਝੋਨਾ ਲੱਗਿਆ

## ਪਹਿਲੀ ਜੂਨ ਤੋਂ ਲੁਆਈ ਸ਼ੁਰੂ ਹੋਣ ਕਾਰਨ ਪੁਰਾਣੇ ਰਿਕਾਰਡ ਟੁੱਟੇ

ਐਤਕੀਂ ਪੰਜਾਬ ਵਿੱਚ ਝੋਨੇ ਦੀ ਅਗੇਤੀ ਲੁਆਈ ਨੇ ਪੁਰਾਣਾ ਰਿਕਾਰਡ ਤੋੜ ਦਿੱਤਾ ਹੈ ਅਤੇ ਹੁਣ ਤੱਕ ਕਰੀਬ 50 ਫੀਸਦੀ ਝੋਨਾ ਲੱਗ ਚੁੱਕਿਆ ਹੈ। ਪੰਜਾਬ ਸਰਕਾਰ ਨੇ ਇਸ ਵਾਰ ਪਹਿਲੀ ਜੂਨ ਤੋਂ ਝੋਨੇ ਦੀ ਲੁਆਈ ਦਾ ਫੈਸਲਾ ਕੀਤਾ ਸੀ । ਪੰਜਾਬ ਵਿੱਚ ਹੁਣ ਤੱਕ 15.24 ਲੱਖ ਹੈਕਟੇਅਰ ਵਿੱਚ ਝੋਨੇ ਦੀ ਲੁਆਈ ਹੋ ਚੁੱਕੀ ਹੈ, ਜਦੋਂਕਿ ਪਿਛਲੇ ਵਰ੍ਹੇ ਅੱਜ ਦੇ ਦਿਨ ਤੱਕ 7.47 ਲੱਖ ਹੈਕਟੇਅਰ ਰਕਬੇ ਵਿੱਚ ਝੋਨਾ ਲੱਗਿਆ ਸੀ । ਪਿਛਲੇ ਸਾਲ ਨਾਲੋਂ ਇਸ ਵੇਲੇ ਤੱਕ ਦੁੱਗਣੇ ਰਕਬੇ ਵਿੱਚ ਝੋਨਾ ਲੱਗ ਚੁੱਕਿਆ ਹੈ । ਪਿਛਲੇ ਸਾਲ ਝੋਨੇ ਦੀ ਲੁਆਈ 10 ਜੂਨ ਤੋਂ ਸ਼ੁਰੂ ਹੋਈ ਸੀ ।

ਮੁੱਖ ਮੰਤਰੀ ਭਗਵੰਤ ਮਾਨ ਨੇ ਸਾਲ 2022 ਵਿੱਚ ਝੋਨੇ ਦੀ ਲੁਆਈ ਵਾਸਤੇ ਪੰਜਾਬ ਨੂੰ ਚਾਰ ਜ਼ੋਨਾਂ ਵਿੱਚ ਵੰਡ ਕੇ ਨਵਾਂ ਤਜ਼ਰਬਾ ਕੀਤਾ ਸੀ ਅਤੇ ਉਸ ਵਰ੍ਹੇ ਮਾਝੇ ਤੇ ਦੁਆਬੇ ਵਿੱਚ 14 ਜੂਨ ਤੋਂ ਝੋਨੇ ਲੁਆਈ ਸ਼ੁਰੂ ਹੋਈ ਸੀ । ਇਸ ਵਾਰ ਪੰਜਾਬ ਸਰਕਾਰ ਨੇ ਪਰਾਲੀ ਪ੍ਰਬੰਧਨ ਲਈ ਢੁੱਕਵਾਂ ਸਮਾਂ ਦੇਣ ਦੇ ਹਵਾਲੇ ਨਾਲ ਪਹਿਲੀ ਜੂਨ ਤੋਂ ਝੋਨੇ ਦੀ ਲੁਆਈ ਨੂੰ ਹਰੀ ਝੰਡੀ ਦਿੱਤੀ ਸੀ । ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਸਾਲ 2018 ਵਿੱਚ ਝੋਨੇ ਦੀ ਲੁਆਈ 20 ਜੂਨ ਤੋਂ ਸ਼ੁਰੂ ਹੁੰਦੀ ਰਹੀ ਹੈ, ਜਦੋਂਕਿ ਸਾਲ 2021 ਵਿੱਚ 13 ਜੂਨ ਤੋਂ ਝੋਨੇ ਦੀ ਲੁਆਈ ਸ਼ੁਰੂ ਹੋਈ ਸੀ । ਐਤਕੀਂ ਬਠਿੰਡਾ ਜ਼ਿਲ੍ਹਾ ਇਸ ਮਾਮਲੇ ਵਿੱਚ ਸਭ ਤੋਂ ਅੱਗੇ ਹੈ, ਜਿੱਥੇ 1.37 ਲੱਖ ਹੈਕਟੇਅਰ ਵਿੱਚ ਝੋਨੇ ਦੀ ਲੁਆਈ ਹੋ ਚੁੱਕੀ ਹੈ । ਪਿਛਲੇ ਵਰ੍ਹੇ ਇਸ ਸਮੇਂ ਤੱਕ ਬਠਿੰਡਾ ਜ਼ਿਲ੍ਹੇ ਵਿੱਚ 25 ਹਜ਼ਾਰ ਹੈਕਟੇਅਰ ਰਕਬੇ ਵਿੱਚ ਹੀ ਝੋਨਾ ਲੱਗਿਆ ਸੀ । ਫਿਰੋਜ਼ਪੁਰ ਵਿੱਚ ਪਿਛਲੇ ਸਾਲ ਦੇ 62 ਹਜ਼ਾਰ ਹੈਕਟੇਅਰ ਦੇ ਮੁਕਾਬਲੇ ਹੁਣ ਤੱਕ 1.33 ਲੱਖ ਹੈਕਟੇਅਰ ਰਕਬੇ ਵਿੱਚ ਝੋਨਾ ਲੱਗ ਚੁੱਕਾ ਹੈ, ਜਦੋਂਕਿ ਪਟਿਆਲਾ ਵਿੱਚ 53 ਹਜ਼ਾਰ ਹੈਕਟੇਅਰ ਦੇ ਮੁਕਾਬਲੇ 1.21 ਲੱਖ ਹੈਕਟੇਅਰ ਵਿੱਚ ਝੋਨਾ ਲੱਗ ਚੁੱਕਿਆ ਹੈ । ਆਮ ਤੌਰ 'ਤੇ ਝੋਨੇ ਹੇਠ ਰਕਬੇ ਦਾ ਟੀਚਾ 32 ਲੱਖ ਹੈਕਟੇਅਰ ਦਾ ਰਿਹਾ ਹੈ, ਪਰ ਇਸ ਵਾਰ ਡੇਢ ਲੱਖ ਹੈਕਟੇਅਰ ਰਕਬੇ

ਨੂੰ ਸਰਕਾਰ ਨੇ 'ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ ਸੋਇਲ ਵਾਟਰ ਐਕਟ 2009' ਤਹਿਤ ਝੋਨੇ ਦੀ ਲੁਆਈ 20 ਜੂਨ ਤੋਂ ਬਾਅਦ ਕਰਨ ਦਾ ਫੈਸਲਾ ਲਿਆ ਸੀ, ਪਰ ਬਾਅਦ ਵਿੱਚ ਸਮੇਂ-ਸਮੇਂ 'ਤੇ ਕਿਸਾਨਾਂ ਦੇ ਦਬਾਅ ਮਗਰੋਂ ਝੋਨੇ ਦੀ ਲੁਆਈ ਦੀ ਤਰੀਕ ਵਿੱਚ ਅਦਲਾ-ਬਦਲੀ ਹੁੰਦੀ ਰਹੀ । ਵੇਰਵਿਆਂ ਅਨੁਸਾਰ ਆਮ ਝੋਨੇ ਦੀ ਲੁਆਈ ਦਾ ਕੰਮ ਜੂਨ ਵਿੱਚ ਹੀ ਖਤਮ ਹੋ ਜਾਣ ਦੀ ਉਮੀਦ ਹੈ, ਜਿਸ ਤਹਿਤ 24 ਲੱਖ ਹੈਕਟੇਅਰ ਰਕਬਾ

ਝੋਨੇ ਹੇਠ ਆਉਣ ਦਾ ਅਨੁਮਾਨ ਹੈ । ਪੰਜਾਬ ਵਿੱਚ 1 ਜੁਲਾਈ ਤੋਂ ਬਾਸਮਤੀ ਲੱਗਣੀ ਸ਼ੁਰੂ ਹੋਵੇਗੀ । ਸਮੁੱਚੀ ਲੁਆਈ ਦਾ ਕੰਮ 15 ਜੁਲਾਈ ਤੱਕ ਸਮਾਪਤ ਹੋਣ ਦਾ ਅਨੁਮਾਨ ਹੈ । ਖੇਤੀ ਮਾਹਿਰਾਂ ਅਨੁਸਾਰ ਅਗੇਤੀ ਲੁਆਈ ਨਾਲ ਜ਼ਮੀਨੀ ਪਾਣੀ ਦੀ ਦੁਰਵਰਤੋਂ ਅਤੇ ਬਿਜਲੀ ਦੀ ਖਪਤ ਵਿੱਚ ਵਾਧਾ ਹੋ ਸਕਦਾ ਹੈ ।



ਜਲੰਧਰ ਵਿੱਚ ਝੋਨਾ ਲਾਉਂਦੇ ਹੋਏ ਖੇਤ ਮਜ਼ਦੂਰ।



# ਬਰਸਾਤ ਰੁੱਤ ਵਿੱਚ ਟਮਾਟਰਾਂ ਦੀ ਕਾਸ਼ਤ

ਪਰਵਿੰਦਰ ਸਿੰਘ, ਪਰਮਿੰਦਰ ਸਿੰਘ ਸੰਧੂ ਅਤੇ ਪਰਮਿੰਦਰ ਕੌਰ ਸਹਿਜਪਾਲ,
ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ (ਮੋ. 81463-22553)



ਪੰਜਾਬ ਵਿੱਚ ਟਮਾਟਰ ਦੀ ਕਾਸ਼ਤ ਆਮ ਤੌਰ 'ਤੇ ਨਵੰਬਰ-ਦਸੰਬਰ (ਸਰਦ ਰੁੱਤ ਵਿੱਚ ਛੋਰੇ ਥੱਲੇ) ਜਾਂ ਫਰਵਰੀ-ਮਾਰਚ (ਬਹਾਰ ਰੁੱਤ) ਵਿੱਚ ਕੀਤੀ ਜਾਂਦੀ ਹੈ ਅਤੇ ਫਲ ਦੀ ਪੈਦਾਵਾਰ ਮਈ-ਜੂਨ ਵਿੱਚ ਹੁੰਦੀ ਹੈ। ਕਿਸਾਨਾਂ ਵੱਲੋਂ ਵਪਾਰਕ ਤੌਰ 'ਤੇ ਬੀਜੀ ਫ਼ਸਲ ਇੱਕ ਹੀ ਸਮੇਂ 'ਤੇ ਲੱਗੀ ਹੋਣ ਕਾਰਨ ਉਪਜ ਵੀ ਇਕੱਠੀ ਮੰਡੀ ਵਿੱਚ ਆ ਜਾਂਦੀ ਹੈ, ਜਿਸ ਕਰਕੇ ਭਾਅ ਵਿੱਚ ਬਹੁਤ ਮੰਦੀ ਆ ਜਾਂਦੀ ਹੈ। ਪੰਜਾਬ ਦਾ ਟਮਾਟਰ ਖਤਮ ਹੋਣ ਤੋਂ ਬਾਅਦ ਕੀਮਤਾਂ ਵਿੱਚ ਇਕਦਮ ਉਛਾਲ ਆ ਜਾਂਦਾ ਹੈ। ਇਸ ਸਮੱਸਿਆ ਦੇ ਹੱਲ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਬਰਸਾਤ ਰੁੱਤ ਵਿੱਚ ਵਿਸ਼ਾਣੂੰ ਰੋਗ ਦਾ ਟਾਕਰਾ ਕਰਨ ਵਾਲੀਆਂ ਟਮਾਟਰ ਦੀਆਂ ਤਿੰਨ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ। ਬਰਸਾਤੀ ਮੌਸਮ ਵਿੱਚ ਲੱਗਣ ਵਾਲੀਆਂ ਇਨ੍ਹਾਂ ਕਿਸਮਾਂ ਦਾ ਫਲ ਨਵੰਬਰ-ਦਸੰਬਰ ਵਿੱਚ ਤਿਆਰ ਹੋ ਜਾਂਦਾ ਹੈ, ਜਿਸ ਤੋਂ ਚੰਗੀ ਆਮਦਨ ਹੋ ਸਕਦੀ ਹੈ। ਬਰਸਾਤੀ ਮੌਸਮ ਲਈ ਢੁੱਕਵੀਆਂ ਕਿਸਮਾਂ ਅਤੇ ਕਾਸ਼ਤ ਦੇ ਢੰਗ ਇਸ ਪ੍ਰਕਾਰ ਹਨ।

| ਕਿਸਮ | ਪੰਜਾਬ ਵਰਖਾ ਬਹਾਰ-4 | ਪੰਜਾਬ ਵਰਖਾ ਬਹਾਰ-2 | ਪੰਜਾਬ ਵਰਖਾ ਬਹਾਰ-1 |
|---|---|---|---|
| ਬੂਟੇ ਦਾ ਕੱਦ ਅਤੇ ਪੱਤੇ | ਮੱਧਰੇ ਅਤੇ ਪਤਰਾਲ ਸੰਘਣਾ | ਅੱਧ ਮੱਧਰੇ, ਪਤਰਾਲ ਸੰਘਣਾ ਅਤੇ ਹਲਕੇ ਰੰਗ ਦਾ | ਮੱਧਰੇ, ਪਤਰਾਲ ਸੰਘਣਾ ਅਤੇ ਗੂੜ੍ਹੇ ਹਰੇ ਰੰਗ ਦਾ |
| ਫਲ | ਗੋਲ, ਸਖਤ ਅਤੇ ਗੂੜ੍ਹੇ ਲਾਲ | ਗੋਲ ਅਤੇ ਦਰਮਿਆਨੇ ਸਖਤ | ਗੋਲ ਅਤੇ ਦਰਮਿਆਨੇ ਸਖਤ |
| ਪੱਕਣ ਲਈ ਦਿਨ | 88 | 100 | 90 |
| ਔਸਤਨ ਝਾੜ (ਕੁਇੰਟਲ ਪ੍ਰਤੀ ਏਕੜ) | 245 | 216 | 215 |
| ਵਿਸ਼ਾਣੂ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ | ਚੰਗੀ | ਚੰਗੀ | ਚੰਗੀ |

(ਸਾਰਣੀ-1)

**ਬੀਜ ਦੀ ਮਾਤਰਾ** : ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 100 ਗ੍ਰਾਮ ਬੀਜ ਕਾਫ਼ੀ ਹੈ। ਦੋ ਮਰਲੇ (50 ਵਰਗ ਮੀਟਰ) ਦੀ ਪਨੀਰੀ ਏਕੜ ਲਈ ਕਾਫ਼ੀ ਹੁੰਦੀ ਹੈ।

**ਬਿਜਾਈ ਦਾ ਸਮਾਂ** : ਉਪਰੋਕਤ ਤਿੰਨੇ ਕਿਸਮਾਂ ਦੀ ਬਿਜਾਈ ਜੁਲਾਈ ਦੇ ਦੂਸਰੇ ਪੰਦਰਵਾੜੇ ਵਿੱਚ ਕਰੋ ਅਤੇ ਅਗਸਤ ਦੇ ਦੂਜੇ ਪੰਦਰਵਾੜੇ ਵਿੱਚ ਪਨੀਰੀ ਪੁੱਟ ਕੇ ਖੇਤ ਵਿੱਚ ਲਾ ਦਿਉ ਅਤੇ ਇੱਕ ਥਾਂ ਪਨੀਰੀ ਦੇ ਦੋ ਬੂਟੇ ਲਾਉ।

**ਪਨੀਰੀ ਤਿਆਰ ਕਰਨਾ** : ਪਨੀਰੀ ਤਿਆਰ ਕਰਨ ਲਈ 1.5 ਮੀਟਰ ਚੌੜੀਆਂ ਅਤੇ 20 ਸੈਂਟੀਮੀਟਰ ਉੱਚੀਆਂ ਕਿਆਰੀਆਂ ਬਣਾਉ। ਕਿਆਰੀਆਂ ਬਣਾਉਣ ਤੋਂ ਪਹਿਲਾਂ 10 ਕੁਇੰਟਲ ਗਲੀ-ਸੜੀ ਰੂੜੀ ਜ਼ਮੀਨ ਵਿੱਚ ਮਿਲਾ ਲੈਣੀ ਚਾਹੀਦੀ ਹੈ ਅਤੇ ਕਿਆਰੀਆਂ ਨੂੰ ਬਿਜਾਈ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਪਾਣੀ ਦਿਉ। ਕਿਆਰੀਆਂ 1.5-2.0 ਪ੍ਰਤੀਸ਼ਤ ਫਾਰਮਲੀਨ ਦੇ ਘੋਲ (15-20 ਮਿਲੀਲੀਟਰ ਪ੍ਰਤੀ ਲੀਟਰ ਪਾਣੀ) ਨਾਲ 4-5 ਲੀਟਰ ਘੋਲ ਪ੍ਰਤੀ ਵਰਗ ਮੀਟਰ ਨਾਲ ਗੜੁੱਚ ਕਰੋ। ਕਿਆਰੀਆਂ ਨੂੰ ਪਲਾਸਟਿਕ ਦੀ ਚਾਦਰ ਨਾਲ 48-72 ਘੰਟੇ ਤੱਕ ਢੱਕ ਦਿਉ। ਬਾਅਦ ਵਿੱਚ ਦਿਨੇ ਇੱਕ ਵਾਰ 4-5 ਦਿਨ ਤੱਕ ਕਿਆਰੀਆਂ ਦੀ ਮਿੱਟੀ ਪਲਟਾਉ ਤਾਂਕਿ ਫਾਰਮਲੀਨ ਦਾ ਅਸਰ ਖਤਮ ਹੋ ਜਾਵੇ। ਬੀਜ ਦੀ ਸੋਧ ਲਈ 3 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਵਰਤੋ। ਬੀਜ 1-2 ਸੈਂਟੀਮੀਟਰ ਡੂੰਘਾਈ 'ਤੇ ਕਤਾਰਾਂ ਵਿੱਚ 5 ਸੈਂਟੀਮੀਟਰ ਦੀ ਵਿੱਥ 'ਤੇ ਬੀਜੋ। ਪਨੀਰੀ ਦੇ ਪੁੰਗਰਨ ਤੋਂ 5-7 ਦਿਨਾਂ ਬਾਅਦ ਕੈਪਟਾਨ (4 ਗ੍ਰਾਮ ਪ੍ਰਤੀ ਲੀਟਰ ਪਾਣੀ) ਦੇ ਘੋਲ ਨਾਲ ਗੜੁੱਚ ਕਰੋ। 7-10 ਦਿਨਾਂ ਬਾਅਦ ਇਸ ਨੂੰ ਫਿਰ ਦੁਹਰਾਉ।

**ਫ਼ਾਸਲਾ** : ਬਰਸਾਤ ਰੁੱਤ ਦੀਆਂ ਕਿਸਮਾਂ ਦੀ ਪਨੀਰੀ ਖੇਤ ਵਿੱਚ ਲਗਾਉਣ ਸਮੇਂ ਕਤਾਰਾਂ ਵਿਚਕਾਰ ਫਾਸਲਾ 120 ਤੋਂ 150 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਰੱਖੋ।

**ਖਾਦਾਂ** : 10 ਟਨ ਗਲੀ-ਸੜੀ ਰੂੜੀ, 60 ਕਿਲੋ ਨਾਈਟ੍ਰੋਜਨ (130 ਕਿਲੋ ਯੂਰੀਆ), 25 ਕਿਲੋ ਫਾਸਫੋਰਸ (155 ਕਿਲੋ ਸੁਪਰ ਫਾਸਫੇਟ) ਅਤੇ 25 ਕਿਲੋ ਪੋਟਾਸ਼ (45 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਬੂਟੇ ਲਾਉਣ ਤੋਂ ਪਹਿਲਾਂ ਪਾਉਣ ਦੀ ਲੋੜ ਹੈ। ਜੇਕਰ ਸੁਪਰ ਫਾਸਫੇਟ ਖਾਦ ਉਪਲੱਬਧ ਨਾ ਹੋਵੇ ਤਾਂ 55 ਕਿਲੋ ਡੀ. ਏ. ਪੀ. ਵਰਤੋ, ਪਰ ਨਾਲ ਹੀ ਯੂਰੀਆ ਦੀ ਮਾਤਰਾ ਘਟਾ ਕੇ 110 ਕਿਲੋ ਪ੍ਰਤੀ ਏਕੜ ਪਾਉ। ਇਹ ਖਾਦ ਲਾਈਨਾਂ ਵਿੱਚ ਬੂਟੇ ਲਾਉਣ ਦੀ ਥਾਂ 'ਤੇ ਇੱਕ ਪਾਸੇ 15 ਸੈਂਟੀਮੀਟਰ ਦੂਰੀ 'ਤੇ ਪਾ ਕੇ ਖਾਲੀ ਬਣਾ ਦਿਉ। ਰੇਤਲੀਆਂ ਜ਼ਮੀਨਾਂ ਵਿੱਚ ਖਾਦ ਤਿੰਨ ਕਿਸ਼ਤਾਂ ਵਿੱਚ ਪਾਉ। ਭਾਰੀਆਂ ਜ਼ਮੀਨਾਂ ਵਿੱਚ ਨਾਈਟਰੋਜਨ ਦੀ ਮਾਤਰਾ ਘਟਾ ਦਿਉ।

**ਨਦੀਨਾਂ ਦੀ ਰੋਕਥਾਮ** : ਸੈਨਕੋਰ 70 ਡਬਲਯੂ. ਪੀ. 300 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ 200 ਲੀਟਰ ਪਾਣੀ ਨਾਲ ਪਨੀਰੀ ਪੁੱਟ ਕੇ ਲਾਉਣ ਤੋਂ 3-4 ਦਿਨ ਪਹਿਲਾਂ ਤਿਆਰ ਕੀਤੇ ਚੰਗੀ ਨਮੀਂ ਵਾਲੇ ਖੇਤ ਵਿੱਚ ਕਰੋ ਅਤੇ ਬਾਅਦ ਵਿੱਚ ਇੱਕ ਗੋਡੀ ਕਰੋ।

## ਹਲਦੀ ਦੀ ਕਾਸ਼ਤ ਦਰਮਿਆਨੀ ਤੋਂ ਭਾਰੀ ਜ਼ਮੀਨ ਵਿੱਚ ਕੀਤੀ ਜਾ ਸਕਦੀ ਹੈ

# ਔਸ਼ਧੀ ਗੁਣਾਂ ਨਾਲ ਭਰਪੂਰ ਫ਼ਸਲ ਹਲਦੀ ਦੀ ਕਾਸ਼ਤ

ਚਰਨਜੀਤ ਕੌਰ ਅਤੇ ਅੰਮ੍ਰਿਤ ਕੌਲ

ਹਲਦੀ ਔਸ਼ਧੀ ਗੁਣਾਂ ਨਾਲ ਭਰਪੂਰ ਇੱਕ ਫ਼ਸਲ ਹੈ, ਜਿਸ ਦੀ ਕਾਸ਼ਤ ਘਰੇਲੂ ਬਗੀਚੀ ਤੋਂ ਲੈ ਕੇ ਵਪਾਰਕ ਪੱਧਰ ਤੱਕ ਕੀਤੀ ਜਾਂਦੀ ਹੈ। ਕਰਕਿਊਮਿਨ ਤੱਤ ਦੀ ਮੌਜੂਦਗੀ ਕਾਰਨ ਹਲਦੀ ਨੂੰ ਵੱਖ-ਵੱਖ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਹਲਦੀ ਵਿੱਚੋਂ ਖਾਸ ਤਰ੍ਹਾਂ ਦਾ ਤੇਲ (ਟਰਮੇਰੋਲ) ਵੀ ਕੱਢਿਆ ਜਾਂਦਾ ਹੈ, ਜਿਸ ਦੀ ਵਰਤੋਂ ਵੱਖ-ਵੱਖ ਖਾਧ ਪਦਾਰਥਾਂ, ਦਵਾਈਆਂ ਅਤੇ ਹਾਰ-ਸ਼ਿੰਗਾਰ ਦੇ ਸਮਾਨ ਵਿੱਚ ਕੀਤੀ ਜਾਂਦੀ ਹੈ।

ਫ਼ਸਲ ਦੇ ਵਧਣ-ਫੁੱਲਣ ਲਈ ਗਰਮ ਅਤੇ ਸਿੱਲ੍ਹੇ ਜਲਵਾਯੂ ਦੀ ਲੋੜ ਹੈ। ਹਲਦੀ ਦੀ ਕਾਸ਼ਤ ਦਰਮਿਆਨੀ ਤੋਂ ਭਾਰੀ ਜ਼ਮੀਨ ਅਤੇ ਚੰਗੇ ਜਲ ਨਿਕਾਸ ਵਾਲੀ ਜ਼ਮੀਨ ਵਿੱਚ ਕੀਤੀ ਜਾ ਸਕਦੀ ਹੈ ਅਤੇ ਇਸ ਫ਼ਸਲ ਤੋਂ ਬਾਅਦ ਪਿਆਜ਼ ਜਾਂ ਪਿਛੇਤੀ ਕਣਕ ਦੀ ਫ਼ਸਲ ਲਈ ਜਾ ਸਕਦੀ ਹੈ। ਹਲਦੀ ਦੀ ਫ਼ਸਲ ਤੋਂ ਵਧੇਰੇ ਝਾੜ ਪ੍ਰਾਪਤ ਕਰਨ ਲਈ ਹੇਠ ਲਿਖੇ ਨੁਕਤਿਆਂ ਨੂੰ ਅਪਣਾਉ।

**ਉੱਨਤ ਕਿਸਮਾਂ :**

**ਪੰਜਾਬ ਹਲਦੀ-1** : ਇਸ ਦੀਆਂ ਗੰਢੀਆਂ ਲੰਬੀਆਂ ਅਤੇ ਦਰਮਿਆਨੀਆਂ ਹੁੰਦੀਆਂ ਹਨ। ਗੰਢੀਆਂ ਦੇ ਛਿਲਕੇ ਦਾ ਰੰਗ ਭੂਰਾ ਅਤੇ ਗੁੱਦਾ ਗੂੜ੍ਹਾ ਪੀਲਾ ਹੁੰਦਾ ਹੈ। ਇਹ ਕਿਸਮ 215 ਦਿਨਾਂ ਵਿੱਚ ਪੱਕਦੀ ਹੈ ਅਤੇ ਝਾੜ ਔਸਤਨ 108 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਹਲਦੀ-2** : ਇਸ ਦੀਆਂ ਗੰਢੀਆਂ ਲੰਬੀਆਂ ਅਤੇ ਮੋਟੀਆਂ ਹੁੰਦੀਆਂ ਹਨ। ਇਸ ਦੀਆਂ ਗੰਢੀਆਂ ਦੇ ਛਿਲਕੇ ਦਾ ਰੰਗ ਭੂਰਾ ਅਤੇ ਗੁੱਦਾ ਪੀਲਾ ਹੁੰਦਾ ਹੈ। ਇਹ ਕਿਸਮ 240 ਦਿਨਾਂ ਵਿੱਚ ਪੱਕਦੀ ਹੈ ਅਤੇ ਝਾੜ ਔਸਤਨ 122 ਕੁਇੰਟਲ ਪ੍ਰਤੀ ਏਕੜ ਹੈ।

**ਜ਼ਮੀਨ ਦੀ ਤਿਆਰੀ** : ਬਿਜਾਈ ਤੋਂ ਪਹਿਲਾਂ ਖੇਤ ਨੂੰ 2-3 ਵਾਰ ਵਾਹ ਕੇ ਸੁਹਾਗਾ ਫੇਰ ਕੇ ਚੰਗੀ ਤਰ੍ਹਾਂ ਤਿਆਰ ਕਰ ਲਵੋ ਅਤੇ ਪਿਛਲੀ ਫ਼ਸਲ ਦੇ ਮੁੱਢਾਂ ਜਾਂ ਘਾਹ-ਫੂਸ ਨੂੰ ਖੇਤ ਵਿੱਚੋਂ ਕੱਢ ਦਿਉ।



**ਬਿਜਾਈ ਦਾ ਸਮਾਂ** : ਫ਼ਸਲ ਤੋਂ ਪੂਰਾ ਝਾੜ ਲੈਣ ਲਈ ਗੰਢੀਆਂ ਰਾਹੀਂ ਬਿਜਾਈ ਮਈ ਮਹੀਨੇ ਤੋਂ ਬਾਅਦ ਕੀਤੀ ਜਾ ਸਕਦੀ ਹੈ। ਪਨੀਰੀ ਰਾਹੀਂ ਲੁਆਈ ਜੂਨ ਤੱਕ ਵੀ ਕੀਤੀ ਜਾ ਸਕਦੀ ਹੈ। ਇਸ ਲਈ ਗੰਢੀਆਂ ਨੂੰ ਥੋੜ੍ਹੇ-ਥੋੜ੍ਹੇ ਫਰਕ ਨਾਲ ਬੀਜਣਾ ਚਾਹੀਦਾ ਹੈ ਅਤੇ 35-40 ਦਿਨਾਂ ਬਾਅਦ ਪੁੰਗਰੀਆਂ ਗੰਢੀਆਂ ਨੂੰ ਖੇਤ ਵਿੱਚ ਲਗਾਉ।

**ਬੀਜ ਦੀ ਮਾਤਰਾ** : ਬਿਜਾਈ ਲਈ ਰੋਗ-ਰਹਿਤ, ਤਾਜ਼ੀਆਂ ਅਤੇ ਇਕਸਾਰ ਆਕਾਰ ਦੀਆਂ 6-8 ਕੁਇੰਟਲ ਪ੍ਰਤੀ ਏਕੜ ਗੰਢੀਆਂ ਵਰਤੋ।

**ਬਿਜਾਈ ਦਾ ਢੰਗ** : ਨਰੋਈਆਂ ਅਤੇ ਰੋਗ-ਰਹਿਤ ਗੰਢੀਆਂ ਨੂੰ ਕਤਾਰਾਂ ਵਿੱਚ ਬੀਜੋ। ਹੱਥ ਅਤੇ ਮਸ਼ੀਨ ਨਾਲ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫਾਸਲਾ 45 ਅਤੇ 67.5 ਸੈਂਟੀਮੀਟਰ ਕ੍ਰਮਵਾਰ ਰੱਖਣਾ ਚਾਹੀਦਾ ਹੈ। ਬੂਟੇ ਤੋਂ ਬੂਟੇ ਦੀ ਦੂਰੀ 15 ਸੈਂਟੀਮੀਟਰ ਰੱਖਣੀ ਚਾਹੀਦੀ ਹੈ। ਪਹਿਲੀ ਸਿੰਚਾਈ ਤੋਂ ਬਾਅਦ ਖੇਤ ਨੂੰ 2.5 ਟਨ ਪਰਾਲੀ ਪ੍ਰਤੀ ਏਕੜ ਨਾਲ ਢੱਕ ਦਿਉ, ਇਸ ਨਾਲ ਗੰਢੀਆਂ ਦਾ ਪੁੰਗਾਰਾ ਜਲਦੀ ਅਤੇ ਜ਼ਿਆਦਾ ਹੁੰਦਾ ਹੈ। ਗੰਢੀਆਂ ਪੁੰਗਰਨ ਤੱਕ ਜ਼ਮੀਨ ਵਿੱਚ ਨਮੀ ਰਹਿਣੀ ਚਾਹੀਦੀ ਹੈ।

**ਜੈਵਿਕ ਖਾਦ** : ਹਲਦੀ ਦੀਆਂ ਗੰਢੀਆਂ ਬੀਜਣ ਸਮੇਂ ਕਨਸ਼ੋਰਸ਼ੀਅਮ ਜੀਵਾਣੂ ਖਾਦ 4 ਕਿਲੋ ਪ੍ਰਤੀ ਏਕੜ ਨੂੰ ਮਿੱਟੀ ਵਿੱਚ ਰਲਾ ਕੇ ਪਾਉਣ ਨਾਲ ਚਲਦੀ ਦਾ ਝਾੜ ਵਧਦਾ ਹੈ ਅਤੇ ਨਾਲ ਹੀ ਜ਼ਮੀਨ ਦੀ ਸਿਹਤ ਵਿੱਚ ਵੀ ਸੁਧਾਰ ਹੁੰਦਾ ਹੈ।

**ਖਾਦਾਂ** : ਬਿਜਾਈ ਤੋਂ ਪਹਿਲਾਂ 10-12 ਟਨ ਗਲੀ-ਸੜੀ ਰੂੜੀ ਦੀ ਪ੍ਰਤੀ ਏਕੜ ਖੇਤ ਦੀ ਤਿਆਰੀ ਸਮੇਂ ਹੀ ਪਾ ਦੇਣੀ ਚਾਹੀਦੀ ਹੈ। ਹਲਦੀ ਨੂੰ ਨਾਈਟਰੋਜਨ ਖਾਦ ਦੀ ਜ਼ਰੂਰਤ ਨਹੀਂ, ਪਰ ਬਿਜਾਈ ਦੇ ਸਮੇਂ 60 ਕਿਲੋ ਸਿੰਗਲ ਸੁਪਰ ਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ, ਬਿਜਾਈ ਤੋਂ ਪਹਿਲਾਂ ਪੋਰ ਦਿਉ।

**ਨਦੀਨਾਂ ਦੀ ਰੋਕਥਾਮ** : ਗੰਢੀਆਂ ਪੁੰਗਰਨ ਲਈ ਕਾਫ਼ੀ ਸਮਾਂ ਲੈਂਦੀਆਂ ਹਨ। ਇਸ ਲਈ ਪੁੰਗਰਨ ਤੱਕ ਜ਼ਮੀਨ ਨੂੰ ਨਮ ਰੱਖਣ ਲਈ ਕਾਫ਼ੀ ਸਿੰਚਾਈਆਂ ਵੀ ਦੇਣੀਆਂ ਪੈਂਦੀਆਂ ਹਨ ਅਤੇ ਫ਼ਸਲ ਵਿੱਚ ਨਦੀਨਾਂ ਦੀ ਕਾਫ਼ੀ ਸਮੱਸਿਆ ਆ ਜਾਂਦੀ ਹੈ। ਇਸ ਲਈ ਬਿਜਾਈ ਉਪਰ 36 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਪਾਉਣ ਨਲ ਨਦੀਨਾਂ ਦੀ ਸਮੱਸਿਆ ਕਾਫ਼ੀ ਹੱਦ ਤੱਕ ਘੱਟ ਜਾਂਦੀ ਹੈ। ਲੋੜ ਅਨੁਸਾਰ 1-2 ਗੋਡੀਆਂ ਕੀਤੀਆਂ ਜਾ ਸਕਦੀਆਂ ਹਨ।

**ਪੁਟਾਈ** : ਗੰਢੀਆਂ ਰਾਹੀਂ ਬੀਜੀ ਫ਼ਸਲ ਆਮ ਤੌਰ 'ਤੇ ਨਵੰਬਰ-ਦਸੰਬਰ ਵਿੱਚ ਤਿਆਰ ਹੋ ਜਾਂਦੀ ਹੈ। ਅਗੇਤੀ ਪੁਟਾਈ ਕਾਰਨ ਝਾੜ ਅਤੇ ਗੁਣਵੱਤਾ ਉੱਪਰ ਮਾੜਾ ਅਸਰ ਪੈਂਦਾ ਹੈ। ਜਦ ਫ਼ਸਲ ਦੇ ਪੱਤੇ ਪੀਲੇ ਪੈ ਕੇ ਸੁੱਕ ਜਾਣ ਤਾਂ ਪੁਟਾਈ ਕਰ ਲਵੋ। ਉਪਰੰਤ ਗੰਢੀਆਂ ਚੰਗੀ ਤਰ੍ਹਾਂ ਸਾਫ਼ ਕਰ ਲਵੋ।

**ਬੀਜ ਤਿਆਰ ਕਰਨਾ** : ਬੀਜ ਰੱਖਣ ਲਈ ਚੰਗੀ, ਸਿਹਤਮੰਦ ਅਤੇ ਤੰਦਰੁਸਤ ਫ਼ਸਲ ਦੀ ਚੋਣ ਕਰਨੀ ਚਾਹੀਦੀ ਹੈ। ਸਮੇਂ ਸਿਰ ਫ਼ਸਲ ਦਾ ਨਿਰੀਖਣ ਕਰਕੇ ਓਪਰੇ (ਗੈਰ) ਬੂਟਿਆਂ ਨੂੰ ਗੰਢੀਆਂ ਸਮੇਤ ਕੱਢਦੇ ਰਹਿਣਾ ਚਾਹੀਦਾ ਹੈ। ਪੁਟਾਈ ਉਪਰੰਤ ਬੀਜ ਨੂੰ ਸਾਫ਼ ਅਤੇ ਛਾਂਟੀ ਕਰਕੇ ਠੰਢੀ ਅਤੇ ਖੁਸ਼ਕ ਜਗ੍ਹਾ (ਕੋਲਡ ਸਟੋਰ) 'ਤੇ ਭੰਡਾਰ ਕਰੋ। ਜੇਕਰ ਕੋਲਡ ਸਟੋਰ ਦੀ ਸਹੂਲਤ ਨਾ ਹੋਵੇ ਤਾਂ ਫ਼ਸਲ ਨੂੰ ਸਰਦੀ ਪੈਣ ਤੱਕ ਖੇਤ ਵਿੱਚ ਹੀ ਰਹਿਣ ਦਿਉ ਅਤੇ ਪੱਤੇ ਪੀਲੇ ਪੈ ਕੇ ਸੁੱਕ ਜਾਣ ਤੋਂ ਬਾਅਦ ਪੁੱਟਣ ਤੱਕ ਸਿੰਚਾਈ ਨਾ ਕਰੋ।

**ਹਲਦੀ ਤਿਆਰ ਕਰਨ ਦਾ ਢੰਗ** : ਗੰਢੀਆਂ ਦੇ ਰੰਗ ਦੀ ਇਕਸਾਰਤਾ ਅਤੇ ਰੇਸ਼ੇ ਨੂੰ ਨਰਮ ਕਰਨ ਲਈ ਗੰਢੀਆਂ ਨੂੰ ਸੁਕਾਉਣ ਤੋਂ ਪਹਿਲਾਂ ਉਬਾਲ ਲਉ। ਉਬਾਲਣ ਲਈ ਤੰਗ ਮੂੰਹ ਵਾਲੇ ਬਰਤਨ ਵਿੱਚ ਪਾ ਕੇ ਇੰਨਾ ਕੁ ਪਾਉ ਕਿ ਸਾਰੀਆਂ ਗੰਢੀਆਂ ਪਾਣੀ ਵਿੱਚ ਡੁੱਬ ਜਾਣ ਅਤੇ ਗੰਢੀਆਂ ਨੂੰ ਨਰਮ ਹੋ ਜਾਣ ਤੱਕ ਪਾਣੀ ਵਿੱਚ ਉਬਾਲੋ। ਉਬਲੀਆਂ ਹੋਈਆਂ ਗੰਢੀਆਂ ਨੂੰ ਧੁੱਪ ਵਿੱਚ ਸੁਕਾ ਕੇ ਉਪਰੰਤ ਕਿਸੇ ਸਖਤ ਜਗ੍ਹਾ 'ਤੇ ਰਗੜ ਕੇ ਲਿਸ਼ਕਾ ਲੈਣਾ ਚਾਹੀਦਾ ਹੈ। ਵਪਾਰਕ ਪੱਧਰ 'ਤੇ ਇਸ ਕੰਮ ਲਈ ਢੋਲ ਵਰਤੇ ਜਾ ਸਕਦੇ ਹਨ। ਸੁੱਕਣ ਉਪਰੰਤ ਗੰਢੀਆਂ ਨੂੰ ਪੀਸ ਕੇ ਪਾਊਡਰ ਬਣਾਇਆ ਜਾ ਸਕਦਾ ਹੈ।



# ਬਾਸਮਤੀ ਹੇਠ ਰਕਬੇ ਵਿੱਚ ਵਾਧੇ ਦੀ ਲੋੜ



ਪੰਜਾਬ ਵਿੱਚ ਝੋਨੇ ਹੇਠ ਰਕਬਾ ਘੱਟ ਹੋਣ ਦੀ ਥਾਂ ਵੱਧ ਰਿਹਾ ਹੈ । ਧਰਤੀ ਹੇਠਲੇ ਘੱਟ ਹੋ ਰਹੇ ਪਾਣੀ ਨੂੰ ਵੇਖਦਿਆਂ ਹੋਇਆਂ ਝੋਨੇ ਹੇਠੋਂ ਕੁਝ ਰਕਬਾ ਕੱਢਣਾ ਜ਼ਰੂਰੀ ਹੈ । ਇਸ ਦਾ ਇੱਕ ਬਦਲ ਬਾਸਮਤੀ ਹੇਠ ਰਕਬੇ ਵਿੱਚ ਵਾਧਾ ਕਰਨਾ ਹੈ । ਪੰਜਾਬੀਆਂ ਦੀ ਕੋਈ ਵੀ ਦਾਹਵਤ ਚੌਲਾਂ ਤੋਂ ਬਗੈਰ ਪੂਰੀ ਨਹੀਂ ਹੁੰਦੀ । ਚੌਲਾਂ ਨੂੰ ਦੁੱਧ ਵਿੱਚ ਰਿਨ੍ਹ ਕੇ ਖੀਰ ਬਣਾਉਣੀ, ਉਨ੍ਹਾਂ ਦਾ ਸਭ ਤੋਂ ਮਨਭਾਉਂਦਾ ਪਕਵਾਨ ਹੈ । ਜੇਕਰ ਚੌਲ ਉਬਾਲ ਕੇ ਵੀ ਖਾਣੇ ਪੈਣ ਤਾਂ ਇਨ੍ਹਾਂ ਨੂੰ ਸਬਜੀ ਦੀ ਥਾਂ ਸ਼ੱਕਰ ਜਾਂ ਖੰਡ ਬੂਰੇ ਨਾਲ ਦੇਸੀ ਘਿਓ ਪਾ ਕੇ ਖਾਇਆ ਜਾਂਦਾ ਹੈ । ਖੁਸ਼ਕ ਮੇਵੇ ਪਾ ਕੇ ਮਿੱਠੇ ਚੌਲ ਜਰਦੇ ਦੇ ਰੂਪ ਵਿੱਚ ਬਣਾਏ ਜਾਂਦੇ ਸਨ । ਇਨ੍ਹਾਂ ਪਕਵਾਨਾਂ ਲਈ ਪਰਮਲ ਚਾਵਲਾਂ ਦੀ ਥਾਂ ਬਾਸਮਤੀ ਚੌਲਾਂ ਦੀ ਵਰਤੋਂ ਕੀਤੀ ਜਾਂਦੀ ਹੈ । ਬਾਸਮਤੀ ਚੌਲ ਵਿਸ਼ੇਸ਼ ਗੁਣਾਂ ਵਾਲੇ ਹੁੰਦੇ ਹਨ, ਪੱਕਣ ਸਮੇਂ ਇਹ ਆਕਾਰ ਵਿੱਚ ਚੋਖੇ ਵੱਡੇ ਹੋ ਜਾਂਦੇ ਹਨ ਅਤੇ ਇਨ੍ਹਾਂ ਵਿਚੋਂ ਇੱਕ ਵਿਸ਼ੇਸ਼ ਮਹਿਕ ਆਉਂਦੀ ਹੈ । ਘਰ ਵਿੱਚ ਪੱਕ ਰਹੇ ਚੌਲਾਂ ਦੀ ਮਹਿਕ ਬਾਹਰ ਗਲੀ ਵਿੱਚ ਮਹਿਸੂਸ



ਡਾ. ਰਣਜੀਤ ਸਿੰਘ

ਕੀਤੀ ਜਾ ਸਕਦੀ ਹੈ ।

ਬਾਸਮਤੀ ਦੀ ਕਾਸ਼ਤ ਹਰੇਕ ਥਾਂ ਨਹੀਂ ਕੀਤੀ ਜਾ ਸਕਦੀ, ਇਸ ਲਈ ਵਿਸ਼ੇਸ਼ ਪੌਣ-ਪਾਣੀ ਦੀ ਲੋੜ ਪੈਂਦੀ ਹੈ । ਪੱਕਣ ਸਮੇਂ ਮੌਸਮ ਠੰਡਾ ਹੋਣਾ ਚਾਹੀਦਾ ਹੈ । ਪੁਰਾਣੇ ਪੰਜਾਬ ਨੂੰ ਜਿਸ ਵਿੱਚ ਜੰਮੂ ਵੀ ਸ਼ਾਮਿਲ ਹੈ, ਬਾਸਮਤੀ ਦਾ ਘਰ ਮੰਨਿਆ ਜਾਂਦਾ ਹੈ । ਹੁਣ ਵੀ ਸੰਸਾਰ ਵਿੱਚ ਭਾਰਤ ਅਤੇ ਪਾਕਿਸਤਾਨ ਹੀ ਪ੍ਰਮੁੱਖ ਬਾਸਮਤੀ ਉਤਪਾਦਕ ਦੇਸ਼ ਹਨ । ਪਰ ਦੋਵੇਂ ਪਾਸੇ ਇਸ ਦੀ ਬਹੁਤੀ ਕਾਸ਼ਤ ਪੰਜਾਬ ਵਿੱਚ ਹੀ ਹੁੰਦੀ ਹੈ । ਸਾਰੀ ਦੁਨੀਆਂ ਨੂੰ ਭਾਰਤ ਅਤੇ ਪਾਕਿਸਤਾਨ ਹੀ ਬਾਸਮਤੀ ਬਰਾਮਦ ਕਰਦੇ ਹਨ । ਪੰਜਾਬ ਦੇ ਕਿਸਾਨਾਂ ਨੂੰ ਇਸ ਦੀ ਕਾਸ਼ਤ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ । ਜੇਕਰ ਪੰਜਾਬ ਵਿੱਚ ਪਰਮਲ ਚੌਲਾਂ ਹੇਠੋਂ ਕੁਝ ਰਕਬਾ ਕੱਢ ਕੇ ਬਾਸਮਤੀ ਹੇਠ ਲਿਆਂਦਾ ਜਾਵੇ ਤਾਂ ਪਾਣੀ ਦੀ ਸਮੱਸਿਆ ਵੀ ਘੱਟ ਸਕਦੀ ਹੈ, ਕਿਉਂਕਿ ਬਾਸਮਤੀ ਦੀ ਲੁਆਈ ਜੁਲਾਈ ਵਿੱਚ ਹੁੰਦੀ ਹੈ, ਉਦੋਂ ਬਰਸਾਤ ਸ਼ੁਰੂ ਹੋ ਜਾਂਦੀ ਹੈ । ਇਸ ਕਰਕੇ ਬਹੁਤ ਘੱਟ ਸਿੰਚਾਈ ਦੀ ਲੋੜ ਪੈਂਦੀ ਹੈ । ਪੰਜਾਬੀ ਕਿਸਾਨ ਬਾਸਮਤੀ ਦੀ ਕਾਸ਼ਤ ਤੋਂ ਇਸ ਕਰਕੇ ਹੱਥ ਖਿੱਚ ਰਹੇ ਹਨ ਕਿ ਇਸ ਦੀ ਵਿਕਰੀ ਨਿਸ਼ਚਿਤ ਨਹੀਂ ਹੈ । ਸਰਕਾਰ ਵੱਲੋਂ ਘੱਟ ਘੱਟ ਮਿੱਥੀ ਕੀਮਤ 'ਤੇ ਖਰੀਦ ਨਾ ਕਰਨ ਕਰਕੇ ਘਾਟਾ ਸਹਿਣਾ ਪੈਂਦਾ ਹੈ । ਵਿਉਪਾਰੀ ਘੱਟ ਮੁੱਲ ਉੱਤੇ ਖਰੀਦ ਕੇ ਇਸ ਦੀ ਬਰਾਮਦ ਨਾਲ ਚੋਖਾ ਮੁਨਾਫਾ ਕਮਾ ਲੈਂਦੇ ਹਨ । ਸਰਕਾਰ ਨੂੰ ਇਸ ਪਾਸੇ ਯਤਨ ਕਰਨੇ ਚਾਹੀਦੇ ਹਨ । ਪਿਛਲੇ ਸਾਲ ਚੰਗਾ ਭਾਅ ਰਹਿਣ ਕਰਕੇ ਇਸ ਸਾਲ ਪੰਜਾਬ ਵਿੱਚ ਬਾਸਮਤੀ ਹੇਠ ਰਕਬੇ ਵਿੱਚ ਵਾਧਾ ਹੋਣ ਦੀ ਉਮੀਦ ਹੈ । ਪੰਜਾਬ ਸਰਕਾਰ ਨੂੰ ਬਾਸਮਤੀ ਨੂੰ ਮਿੱਥੇ ਮੁੱਲ ਉਤੇ ਸਰਕਾਰ ਵੱਲੋਂ ਖਰੀਦਣ ਦੀ ਹਾਮੀ ਭਰਨੀ ਚਾਹੀਦੀ ਹੈ ।

ਦੂਜਾ ਕਾਰਨ ਇਹ ਸੀ ਕਿ ਬਾਸਮਤੀ ਦੀਆਂ ਰਿਵਾਇਤੀ ਕਿਸਮਾਂ ਦਾ ਝਾੜ ਬਹੁਤ ਘੱਟ ਹੈ, ਪੱਕਣ ਲਈ ਲੰਬਾ ਸਮਾਂ ਲੈਂਦੀਆਂ ਹਨ ਅਤੇ ਉਨ੍ਹਾਂ ਉੱਤੇ ਬਿਮਾਰੀਆਂ ਦਾ ਹਮਲਾ ਵੀ ਵਧੇਰੇ ਹੁੰਦਾ ਹੈ, ਪਰ ਹੁਣ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਬਾਸਮਤੀ ਦੀਆਂ ਅਜਿਹੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਝਾੜ ਵੱਧ ਹੈ, ਪੱਕਣ ਸਮਾਂ ਘੱਟ ਹੈ ਅਤੇ ਬਿਮਾਰੀਆਂ ਦਾ ਟਾਕਰਾ ਕਰਨ ਦੀ ਵੀ ਸ਼ਕਤੀ ਹੈ । ਪੰਜਾਬ ਵਿੱਚ ਕਾਸ਼ਤ ਲਈ ਪੰਜਾਬ ਬਾਸਮਤੀ-5, ਪੰਜਾਬ ਬਾਸਮਤੀ-7, ਸੀ ਐਸ ਆਰ-30 ਦੀ ਸਿਫਾਰਸ਼ ਕੀਤੀ ਗਈ ਹੈ । ਇਨ੍ਹਾਂ ਤੋਂ ਇਲਾਵਾ ਪੂਸਾ ਬਾਸਮਤੀ-1509 ਅਤੇ ਪੂਸਾ ਬਾਸਮਤੀ-1121 ਕਿਸਮਾਂ ਦੀ ਵੀ ਸਿਫਾਰਿਸ਼ ਕੀਤੀ ਗਈ ਹੈ । ਪੂਸਾ ਬਾਸਮਤੀ-1847 ਦਾ ਝਾੜ 19 ਕੁਇੰਟਲ ਤੱਕ ਪ੍ਰਾਪਤ ਹੋ ਜਾਂਦਾ ਹੈ ਅਤੇ ਇਹ ਪੱਕਣ ਲਈ 99 ਦਿਨ ਲੈਂਦੀ ਹੈ । ਬਾਸਮਤੀ-7 ਤਿਆਰ ਹੋਣ ਵਿੱਚ 101 ਦਿਨ ਲੈਂਦੀ ਹੈ ਅਤੇ ਇਸ ਦਾ ਝਾੜ 19 ਕੁਇੰਟਲ ਪ੍ਰਤੀ ਏਕੜ ਹੈ । ਜੂਨ ਦਾ ਮਹੀਨਾ ਬਾਸਮਤੀ ਦੀ ਪਨੀਰੀ ਬੀਜਣਾ ਦਾ ਸਮਾਂ ਹੈ । ਪਨੀਰੀ ਜਦੋਂ 25-30 ਦਿਨਾਂ ਦੀ ਹੋ ਜਾਵੇ ਤਾਂ ਇਸ ਨੂੰ ਪੁੱਟ ਕੇ ਖੇਤ ਵਿੱਚ ਲਗਾ ਦੇਣਾ ਚਾਹੀਦਾ ਹੈ । ਪੰਜਾਬ ਬਾਸਮਤੀ-5, 7 ਅਤੇ ਪੂਸਾ ਬਾਸਮਤੀ-1121 ਤੇ 1637 ਦੀ ਪਨੀਰੀ ਪਹਿਲਾਂ ਬੀਜੋ । ਝੋਨੇ ਵਾਂਗ ਹੀ ਇਸ ਦਾ ਵੀ ਇੱਕ ਏਕੜ ਲਈ ਅੱਠ ਕਿਲੋ ਬੀਜ ਦੀ ਸਿਫਾਰਿਸ਼ ਕੀਤੀ ਗਈ ਹੈ, ਪਰ ਇਹ ਵੇਖਣ ਵਿੱਚ ਆਇਆ ਹੈ ਕਿ ਕਿਸਾਨ ਇਸ ਤੋਂ ਘੱਟ ਬੀਜ ਦੀ ਵਰਤੋਂ ਕਰਦੇ ਹਨ । ਬੀਜ ਨੂੰ ਬੀਜਣ ਤੋਂ ਪਹਿਲਾਂ 15 ਗ੍ਰਾਮ ਟ੍ਰਾਈਕੋਡਰਮਾ ਐਸਪੈਰੇਲਮ 20% ਡਬਲਯੂ ਪੀ. ਪੀ. ਏ. ਯੂ. ਪ੍ਰਤੀ ਕਿਲੋ ਬੀਜ ਨਾਲ ਸੋਧ ਲਵੋ ।

ਪਨੀਰੀ ਪੁੱਟ ਕੇ ਲਗਾਉਣ ਤੋਂ ਪਹਿਲਾਂ ਪਾਣੀ ਲਗਾਵੋ । ਪੁੱਟਣ ਪਿਛੋਂ ਇਸ ਦੀਆਂ ਜੜ੍ਹਾਂ ਨੂੰ ਧੋਵੋ । ਚੰਗੀ ਤਰ੍ਹਾਂ ਕੱਦੂ ਕੀਤੇ ਖੇਤ ਵਿੱਚ 20×15 ਸੈਂਟੀਮੀਟਰ ਦੀ ਵਿੱਥ ਉੱਤੇ ਬੂਟੇ ਲਗਾਵੋ । ਇੱਕ ਥਾਂ ਦੋ ਬੂਟੇ ਲਗਾਉਣੇ ਚਾਹੀਦੇ ਹਨ । ਇੱਕ ਵਰਗ ਮੀਟਰ ਥਾਂ ਵਿੱਚ ਘੱਟੋ-ਘੱਟ 33 ਬੂਟੇ ਲੱਗਣੇ ਚਾਹੀਦੇ ਹਨ । ਜੇਕਰ ਲੁਆਈ ਪਿਛੇਤੀ ਹੋ ਜਾਵੇ ਤਾਂ ਇਹ ਫਾਸਲਾ 15×15 ਸੈਂਟੀਮੀਟਰ ਕਰ ਦੇਣਾ ਚਾਹੀਦਾ ਹੈ । ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕਰੋ । ਨਾਈਟ੍ਰੋਜਨ ਵਾਲੀ ਖਾਦ ਘੱਟ ਪਾਵੋ । ਕੇਵਲ ਲੋੜ ਪੈਣ 'ਤੇ ਇਸ ਦੀ ਵਰਤੋਂ ਕਰੋ । ਕੱਦੂ ਕਰਨ ਸਮੇਂ 75 ਕਿਲੋ ਸੁਪਰ ਫਾਸਫੇਟ ਪ੍ਰਤੀ ਏਕੜ ਪਾਵੋ । ਜੇਕਰ ਪਹਿਲੀ ਫ਼ਸਲ ਕਣਕ ਨੂੰ ਸੁਪਰ ਫਾਸਫੇਟ ਪਾਈ ਹੈ ਤਾਂ ਹੁਣ ਪਾਉਣ ਦੀ ਲੋੜ ਨਹੀਂ ਹੈ ।

ਅਗੇਤੀ ਫ਼ਸਲ ਨਾ ਲਗਾਈ ਜਾਵੇ, ਕਿਉਂਕਿ ਵਧੀਆ ਦਾਣਿਆਂ ਲਈ ਪੱਕਣ ਵੇਲੇ ਠੰਡ ਹੋਣੀ ਚਾਹੀਦੀ ਹੈ । ਖੇਤ ਵਿੱਚ ਪਨੀਰੀ ਲਗਾਉਣ ਤੋਂ ਦੋ ਹਫਤਿਆਂ ਤੱਕ ਖੇਤ ਵਿੱਚ ਪਾਣੀ ਖੜ੍ਹਾ ਰੱਖਿਆ ਜਾਵੇ । ਮੁੜ ਪਾਣੀ ਉਦੋਂ ਲਗਾਵੋ, ਜਦੋਂ ਪਾਣੀ ਸੁੱਕੇ ਨੂੰ ਦੋ ਦਿਨ ਹੋ ਗਏ ਹੋਣ । ਫ਼ਸਲ ਦੇ ਪੱਕਣ ਤੋਂ 15 ਦਿਨ ਪਹਿਲਾਂ ਪਾਣੀ ਦੇਣਾ ਬੰਦ ਕੀਤਾ ਜਾਵੇ ।

ਬਾਸਮਤੀ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਪੰਜਾਬ ਬਾਸਮਤੀ-7, 5 ਅਤੇ ਪੂਸਾ ਬਾਸਮਤੀ-1847 ਦੀ ਕਾਸ਼ਤ ਕਰੋ । ਇਹ ਝੁਲਸ ਰੋਗ ਦਾ ਟਾਕਰਾ ਕਰ ਸਕਦੀਆਂ ਹਨ । ਜੇਕਰ ਖੇਤ ਵਿੱਚ ਹਰੀ ਖਾਦ ਪਾਈ ਹੈ ਤਾਂ ਨਾਈਟ੍ਰੋਜਨ ਖਾਦ ਪਾਉਣ ਦੀ ਲੋੜ ਨਹੀਂ ਹੈ । ਮੁੱਢਾਂ ਦੇ ਗਾਲੇ ਦੀ ਰੋਕਥਾਮ ਲਈ ਬੀਜ ਅਤੇ ਪਨੀਰੀ ਦੀ ਸੋਧ ਜ਼ਰੂਰ ਕਰੋ । ਜਦੋਂ ਵੀ ਕਿਸੇ ਬਿਮਾਰੀ ਦਾ ਹਮਲਾ ਨਜ਼ਰ ਆਵੇ ਤਾਂ ਮਾਹਿਰਾਂ ਦੀ ਸਲਾਹ ਨਾਲ ਜ਼ਹਿਰਾਂ ਦੀ ਵਰਤੋਂ ਕਰੋ । ਫ਼ਸਲ ਉਤੇ ਜ਼ਹਿਰਾਂ ਦਾ ਘਟ ਤੋਂ ਘਟ ਛਿੜਕਾ ਕੀਤਾ ਜਾਵੇ । ਵਿਦੇਸ਼ਾਂ ਵਿੱਚ ਜ਼ਹਿਰਾਂ ਰਹਿਤ ਉਪਜ ਦੀ ਮੰਗ ਹੈ ।

ਜਦੋਂ ਫ਼ਸਲ ਤਿਆਰ ਹੋ ਜਾਵੇ ਅਤੇ ਪਰਾਲੀ ਪੀਲੇ ਰੰਗ ਦੀ ਹੋ ਜਾਵੇ ਤਾਂ ਵਾਢੀ ਕਰ ਲੈਣੀ ਚਾਹੀਦੀ ਹੈ । ਵਾਢੀ ਅਤੇ ਝਾੜਨ ਵਿੱਚ ਦੇਰੀ ਨਾ ਕੀਤੀ ਜਾਵੇ, ਕਿਉਂਕਿ ਇਸ ਨਾਲ ਦਾਣੇ ਝੜ ਜਾਂਦੇ ਹਨ । ਬਜ਼ਾਰੋਂ ਮੁੱਲ ਲੈ ਕੇ ਖਾਣ ਦੀ ਥਾਂ ਇਸ ਵਾਰ ਕੁਝ ਰਕਬੇ ਵਿੱਚ ਇਸ ਦੀ ਕਾਸ਼ਤ ਕਰੋ ਅਤੇ ਘਰ ਦੀ ਬਾਸਮਤੀ ਦਾ ਆਨੰਦ ਮਾਣੋ ।

ਬਾਸਮਤੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨੂੰ ਇਸ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਹੁਣ ਕਰ ਦੇਣਾ ਚਾਹੀਦਾ ਹੈ । ਪੰਜਾਬ ਸਰਕਾਰ ਦੀਆਂ ਸੰਸਥਾਵਾਂ ਜਿਵੇਂ ਮਾਰਕਫੈਡ, ਪੰਜਾਬ ਐਗਰੋ ਜਾਂ ਕਿਸੇ ਹੋਰ ਅਦਾਰੇ ਵੱਲੋਂ ਫ਼ਸਲ ਦੀ ਖਰੀਦ ਨੂੰ ਯਕੀਨੀ ਬਣਾਇਆ ਜਾਵੇ । ਇੰਝ ਝੋਨੇ ਹੇਠੋਂ ਕੁਝ ਰਕਬਾ ਬਾਸਮਤੀ ਹੇਠ ਚਲਾ ਜਾਵੇਗਾ, ਪਾਣੀ ਤੇ ਬਿਜਲੀ ਦੀ ਬੱਚਤ ਹੋਵੇਗੀ ਅਤੇ ਪੰਜਾਬੀ ਆਪਣੀ ਬਾਸਮਤੀ ਦਾ ਆਨੰਦ ਮਾਣ ਸਕਣਗੇ ।




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 26
ਮਿਤੀ 28-06-2025

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : JAGPREET SINGH,
Printer, Publisher and Owner of Weekly
'KHETI DUNIYAN' Printed at Varginia Printers,
Shere-e-Punjab Market, Gaushala Road, Patiala-147001 (Pb.)
and published from Kheti Duniyan, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.PUNPUN00806


# ਕਣਕ-ਝੋਨਾ ਫਸਲੀ ਚੱਕਰ ਦਾ ਮੱਕੜ ਜਾਲ




ਡਾ. ਅਮਨਪ੍ਰੀਤ ਸਿੰਘ (ਮੋ. 98783-77639)
ਡਾ. ਜਸਕਰਨ ਸਿੰਘ (ਮੋ. 98154-80892)


ਬਾਜ਼ਾਰੀਕਰਨ ਦੇ ਅਜੋਕੇ ਦੌਰ ਵਿਚ ਕਿਸ਼ਾਨ ਵੀ ਬਾਕੀ ਕਾਰੋਬਾਰੀਆਂ ਵਾਂਗ ਆਪਣੀ ਫਸਲੀ ਪੈਦਾਵਾਰ ਉੱਤੇ ਮੌਸਮ ਦੇ ਵਿਗਾੜ, ਬਿਮਾਰੀ ਜਾਂ ਬਾਜ਼ਾਰ ਵਿਚ ਭਾਅ ਘਟਣ ਵਰਗੇ ਜੋਖਿਮਾਂ ਤੋਂ ਬਚਾਓ ਲਈ ਤਾਰਕਿਕ ਸਮਝ ਅਪਣਾਉਂਦੇ ਹਨ ; ਭਾਵ ਉਹ ਅਜਿਹੀਆਂ ਫਸਲਾਂ ਦੀ ਚੋਣ ਕਰਦੇ ਹਨ ਜੋ ਵਾਜਿਬ ਕੀਮਤਾਂ ਦੇ ਨਾਲ-ਨਾਲ ਚੰਗੀ ਉਪਜ ਵੀ ਦੇਣ ਅਤੇ ਉਨ੍ਹਾਂ ਦੀ ਕਾਸ਼ਤ ਉੱਤੇ ਜੋਖਿਮ ਘੱਟ ਤੋਂ ਘੱਟ ਰਹਿਣ। ਹਰੇ ਇਨਕਲਾਬ ਤੋਂ ਪੰਜਾਬ ਦੇ ਕਿਸਾਨਾਂ ਲਈ ਕਣਕ ਤੇ ਝੋਨੇ ਦੀ ਕਾਸ਼ਤ ਇਸ ਕਸੌਟੀ 'ਤੇ ਪੂਰੀ ਉੱਤਰ ਰਹੀ ਹੈ; ਖਾਸਕਰ ਜਦੋਂ ਉਨ੍ਹਾਂ ਕੋਲ ਇਨ੍ਹਾਂ ਫਸਲਾਂ ਬਾਬਤ ਬੁਨਿਆਦੀ ਸਿੰਜਾਈ ਸਹੂਲਤਾਂ (ਪਿਛਲੇ 28 ਸਾਲਾਂ ਤੋਂ ਟਿਊਬਵੈੱਲਾਂ ਰਾਹੀਂ ਮੁਫਤ ਬਿਜਲੀ), ਸਰਕਾਰੀ ਮੰਡੀਕਰਨ, ਲੋੜੀਂਦਾ ਮਸ਼ੀਨੀਕਰਨ, ਉੱਚ ਪਾਏ ਦੇ ਬੀਜ, ਖਾਦਾਂ ਅਤੇ ਕੀਟਨਾਸ਼ਕ/ਨਦੀਨਨਾਸ਼ਕ ਮੌਜੂਦ ਹਨ।

ਪੰਜਾਬ ਵਿਚ ਕੁੱਲ ਖੇਤੀ ਯੋਗ ਰਕਬੇ ਦਾ 90% ਤੋਂ ਜ਼ਿਆਦਾ ਹਿੱਸਾ ਕੇਵਲ ਤੋ ਫਸਲਾਂ-ਕਣਕ ਤੇ ਝੋਨੇ, ਹੇਠ ਹੈ। ਜੇਕਰ ਪਿਛਲੇ 10 ਸਾਲਾਂ ਦੀ ਗੱਲ ਕਰੀਏ ਤਾਂ ਪੰਜਾਬ ਵਿਚ ਝੋਨੇ ਦੀ ਖੇਤੀ ਅਧੀਨ ਰਕਬਾ 2015-16 ਦੇ 29.7 ਲੱਖ ਹੈਕਟੇਅਰ ਤੋਂ ਵੱਧ ਕੇ 2024-25 ਵਿਚ 32.4 ਲੱਖ ਹੈਕਟੇਅਰ ਤੱਕ ਪਹੁੰਚ ਗਿਆ। ਇਸੇ ਸਮੇਂ ਕਪਾਹ ਅਧੀਨ ਰਕਬਾ 3.4 ਲੱਖ ਹੈਕਟੇਅਰ ਤੋਂ ਘੱਟ ਕੇ ਕੇਵਲ ਇਕ ਲੱਖ ਹੈਕਟੇਅਰ ਰਹਿ ਗਿਆ ਹੈ। ਇਸੇ ਸਾਲ ਕਣਕ ਹੇਠ ਰਕਬਾ ਲਗਭਗ 35 ਲੱਖ ਹੈਕਟੇਅਰ ਸੀ। ਬਿਨਾਂ ਸ਼ੱਕ ਕਣਕ ਤੇ ਝੋਨੇ ਅਧੀਨ ਲਗਾਤਾਰ ਵੱਧ ਰਹੇ ਰਕਬੇ ਦੇ ਵੱਡੇ ਕਾਰਨਾਂ ਵਿਚ ਸਰਕਾਰ ਦੁਆਰਾ ਇਨ੍ਹਾਂ ਦੋ ਫਸਲਾਂ ਉੱਤੇ ਦਿੱਤਾ ਜਾਣ ਵਾਲਾ ਘੱਟੋ-ਘੱਟ ਸਮਰਥਨ ਮੁੱਲ ਅਤੇ ਸਰਕਾਰੀ ਏਜੰਸੀਆਂ ਦੁਆਰਾ ਕੀਤੀ ਜਾਂਦੀ ਖਰੀਦ ਹੈ। ਅਜਿਹੀ ਖਰੀਦ ਦੀ ਸਹੂਲਤ ਅਤੇ ਕੀਮਤ ਦੀ ਸਰਕਾਰੀ ਗਰੰਟੀ ਹੋਰ ਫਸਲਾਂ ਲਈ ਮੌਜੂਦ ਨਹੀਂ ਹੈ ਜਿਸ ਕਾਰਨ ਉਨ੍ਹਾਂ ਦੀ ਖੇਤੀ ਨੂੰ ਉਤਸ਼ਾਹ ਨਹੀਂ ਮਿਲਦਾ।

ਘੱਟੋ-ਘੱਟ ਸਮਰਥਨ ਮੁੱਲ ਆਧਾਰਿਤ ਸਰਕਾਰੀ ਮੰਡੀ ਦੀ ਵਿਵਸਥਾ ਹੀ ਕਿਸਾਨਾਂ ਨੂੰ ਇਨ੍ਹਾਂ ਦੋਵੇਂ ਫਸਲਾਂ ਲਈ ਉਤਸ਼ਾਹਿਤ ਕਰਨ ਵਾਲਾ ਇਕੱਲਾ ਕਾਰਨ ਨਹੀਂ ਹੈ, ਹੋਰ ਮੁੱਖ ਕਾਰਨਾਂ ਵਿਚ ਸਭ ਤੋਂ ਪ੍ਰਮੁੱਖ ਉਤਪਾਦਨ ਘਟਣ ਦਾ ਖਤਰਾ ਹੈ ਜੋ ਕਣਕ ਝੋਨਾ ਫਸਲੀ ਚੱਕਰ ਵਿਚ ਬਾਕੀ ਫਸਲਾਂ ਦੀ ਤੁਲਨਾ ਵਿਚ ਬਹੁਤ ਘੱਟ ਹੈ। ਇਨ੍ਹਾਂ ਦੋਵਾਂ ਫਸਲਾਂ ਦੀ ਖੇਤੀ ਲਈ ਸਿੰਜਾਈ ਦੇ ਢੁੱਕਵੇਂ ਪ੍ਰਬੰਧ, ਉਪਜਾਊ ਤੇ ਪੱਧਰੀ ਜ਼ਮੀਨ, ਸੁਖਾਵਾਂ ਵਾਤਾਵਰਨ, ਬਿਜਾਈ ਤੋਂ ਪਹਿਲਾਂ ਤੇ ਕਟਾਈ ਤੋਂ ਬਾਅਦ ਫਸਲ ਭੰਡਾਰਨ ਜਾਂ ਪ੍ਰਾਸੈਸਿੰਗ ਲਈ ਲੋੜੀਂਦਾ ਢਾਂਚਾ ਪ੍ਰਾਂਤ ਵਿਚ ਬਾਖੂਬੀ ਮੌਜੂਦ ਹੈ। ਇਹ ਸਾਰੇ ਸਿੱਧੇ ਰੂਪ ਵਿਚ ਕਿਸਾਨਾਂ ਦੀ ਬੱਝਵੀਂ ਆਮਦਨ, ਵਪਾਰਕ ਬੈਂਕਾਂ ਵਿੱਚੋਂ ਕਰਜ਼ੇ ਦੀ ਪੇਸ਼ਗੀ ਅਤੇ ਭੁਗਤਾਨ ਵਰਗੇ ਆਰਥਿਕ ਤੇਅਤੇ ਢਾਂਚਾਗਤ ਕਾਰਨਾਂ ਦੇ ਨਾਲ-ਨਾਲ ਹੁਣ ਇਹ ਦੋਵੇਂ ਫਸਲਾਂ ਪੰਜਾਬ ਦੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣ ਚੁੱਕੀਆਂ ਹਨ, ਖਾਸ ਤੌਰ 'ਤੇ ਇਨ੍ਹਾਂ ਨੂੰ ਲੰਮੇ ਸਮੇਂ ਤੋਂ ਖੋਜ ਸਹਾਇਤਾ ਵਿਚ ਵੀ ਤਰਜੀਹ ਦਿੱਤੀ ਜਾ ਰਹੀ ਹੈ। ਰਾਜ ਵਿਚ ਅਜੇ ਵੀ ਖੇਤੀਬਾੜੀ ਵਿਭਾਗ, ਖੋਜ ਸੰਸਥਾਵਾਂ ਅਤੇ ਖੇਤੀਬਾੜੀ ਯੂਨੀਵਰਸਿਟੀ ਦੂਜੀਆਂ ਫਸਲਾਂ ਦੇ ਮੁਕਾਬਲੇ ਮੁੱਖ ਤੌਰ 'ਤੇ ਕਣਕ ਅਤੇ ਝੋਨੇ ਦੀ ਕਾਸ਼ਤ ਨੂੰ ਉਤਸ਼ਾਹ ਦੇ ਰਹੇ ਹਨ।

ਖੋਜ ਦੀ ਗੱਲ ਕੀਤੀ ਜਾਵੇ ਤਾਂ ਜਿੱਥੇ ਕਣਕ ਦੀਆਂ ਰਵਾਇਤੀ ਕਿਸਮਾਂ ਜੋ ਪਤਲੇ ਤਣੇ ਵਾਲੀਆਂ ਹੁੰਦੀਆਂ ਸਨ ਤੇ ਇਨ੍ਹਾਂ ਦਾ ਔਸਤ ਉਤਪਾਦਨ ਇਕ ਤੋਂ 15 ਕੁਇੰਟਲ ਪ੍ਰਤੀ ਹੈਕਟੇਅਰ ਹੀ ਸੀ, ਨਵੀਆਂ ਕਿਸਮਾਂ ਜਿਵੇਂ ਐੱਚਡੀ-3386 ਵਿਚ ਵਧ ਕੇ 62.5 ਕੁਇੰਟਲ ਪ੍ਰਤੀ ਹੈਕਟੇਅਰ ਹੋ ਗਿਆ। ਹਰੇ ਇਨਕਲਾਬ ਤੋਂ ਬਾਅਦ ਦੀਆਂ ਕਿਸਮਾਂ ਨਾਲ ਜਿੱਥੇ ਉਤਪਾਦਨ ਵਿਚ ਭਾਰੀ ਵਾਧਾ ਹੋਇਆ, ਉੱਥੇ ਇਹ ਕਿਸਮਾਂ ਮਜ਼ਬੂਤ ਤਣੇ ਵਾਲੀਆਂ ਹੁੰਦੀਆਂ ਹਨ ਜਿਸ ਦਾ ਖਰਾਬ ਮੌਸਮ ਵਿਚ ਵੀ ਬਹੁਤ ਘੱਟ ਨੁਕਸਾਨ ਹੁੰਦਾ ਹੈ। ਇਸ ਦੇ ਨਾਲ ਹੀ ਇਹ ਨਵੀਆਂ ਕਿਸਮਾਂ ਕਣਕ ਦੇ ਪ੍ਰਮੁੱਖ ਰੋਗਾਂ ਵਿਰੁੱਧ ਵੀ ਪ੍ਰਤੀਰੋਧਕ ਸਮਰੱਥਾ ਰੱਖਦੀਆਂ ਹਨ।

ਝੋਨੇ ਦੀਆਂ ਰਵਾਇਤੀ ਕਿਸਮਾਂ ਨਾਲ ਜਿੱਥੇ 160 ਤੋਂ 180 ਦਿਨਾਂ ਵਿਚ ਇਕ ਤੋਂ 30 ਕੁਇੰਟਲ ਪ੍ਰਤੀ ਹੈਕਟੇਅਰ ਦਾ ਉਤਪਾਦਨ ਹੁੰਦਾ ਸੀ, ਉੱਥੇ 1986 ਵਿਚ ਪੇਸ਼ ਕੀਤੀ ਕਿਸਮਾਂ ਸਾਂਬਾ ਮਹਸੂਰੀ (Samba Mahsuri BPT 5204) 130 ਤੋਂ 145 ਦਿਨਾਂ ਵਿਚ 65 ਕੁਇੰਟਲ ਪ੍ਰਤੀ ਹੈਕਟੇਅਰ ਤੱਕ ਪੈਦਾਵਾਰ ਸਮਰੱਥਾ ਰੱਖਦੀ ਹੈ। ਹਾਲ ਹੀ ਵਿਚ ਭਾਰਤੀ ਖੇਤੀਬਾੜੀ ਖੋਜ ਕੌਂਸਲ (ICAR) ਨੇ ਇਸ ਦੀ ਇਕ ਹੋਰ ਸੋਧੀ ਹੋਈ ਕਿਸਮ ਦੀ ਖੋਜ ਕੀਤੀ ਹੈ ਜੋ ਪੁਰਾਣੀ ਕਿਸਮ ਦੇ ਮੁਕਾਬਲੇ ਮਿੱਟੀ ਵਿਚਲੇ ਤੱਤਾਂ ਜਿਵੇਂ ਫਾਸਫੋਰਸ ਤੇ ਨਾਈਟ੍ਰੋਜਨ ਚੂਸਣ ਦੀ ਵਧੇਰੇ ਸਮਰੱਥਾ ਹੁੰਦੀ ਹੈ। ਇਉਂ ਖਾਦ ਦੀ ਵੀ ਬੱਚਤ ਹੁੰਦੀ ਹੈ।

ਕਣਕ ਅਤੇ ਝੋਨੇ ਦੀ ਬਿਜਾਈ, ਕਟਾਈ ਅਤੇ ਛਾਂਟੀ ਲਈ ਮਸ਼ੀਨਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਕਸਟਮ ਹਾਇਰਿੰਗ ਸੈਂਟਰਾਂ ਅਤੇ ਸਬਸਿਡੀਆਂ ਨੇ ਇਨ੍ਹਾਂ ਮਸ਼ੀਨਾਂ ਨੂੰ ਕਿਸਾਨਾਂ ਦੀ ਪਹੁੰਚ ਵਿਚ ਲਿਆ ਦਿੱਤਾ ਹੈ। ਦੂਜੀਆਂ ਫਸਲਾਂ ਲਈ ਮਸ਼ੀਨੀਕਰਨ ਕਾਫੀ ਸੀਮਤ ਹੈ। ਇਸ ਕਾਰਨ ਕਿਸਾਨਾਂ ਨੂੰ ਮਿਹਨਤ ਅਤੇ ਸਮੇਂ ਦੀ ਵਧੇਰੇ ਲਾਗਤ ਦਾ ਸਾਹਮਣਾ ਕਰਨਾ ਪੈਂਦਾ ਹੈ। ਮਜ਼ਦੂਰ ਦੀ ਘਾਟ ਅਤੇ ਵਧਦੀਆਂ ਮਜ਼ਦੂਰੀ ਦਰਾਂ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਝੋਨੇ ਦੀ ਸਿੱਧੀ ਬਿਜਾਈ ਵਰਗੇ ਤਰੀਕਿਆਂ ਵਿਚ ਹੋ ਰਹੀਆਂ ਖੋਜਾਂ ਨਾਲ ਲਾਗਤ ਘੱਟ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਕਣਕ ਅਤੇ ਝੋਨੇ ਦੀ ਕਾਸ਼ਤ ਉਪਰ ਲਗਾਤਾਰ ਹੋ ਰਹੀਆਂ ਖੋਜਾਂ ਕਾਰਨ ਇਨ੍ਹਾਂ ਦੀ ਉਪਜ, ਬਿਮਾਰੀਆਂ ਅਤੇ ਕੀਟਾਂ ਵਿਰੁੱਧ ਪ੍ਰਤੀਰੋਧਕ ਸ਼ਕਤੀ ਅਤੇ ਉੱਚੇ ਤਾਪਮਾਨ ਪ੍ਰਤੀ ਲਚਕੀਲੇਪਣ ਵਿਚ ਵਾਧਾ ਹੋਇਆ ਹੈ, ਇਨ੍ਹਾਂ ਦਾ ਪੱਕਣ ਸਮਾਂ ਘਟਿਆ ਹੈ। ਸਿੰਜਾਈ ਸਹੂਲਤਾਂ ਮਿਲਣ ਕਾਰਨ ਵੀ ਕਿਸਾਨ ਇਨ੍ਹਾਂ ਦੀ ਪੈਦਾਵਾਰ ਲਈ ਵਧੇਰੇ ਉਤਸ਼ਾਹਿਤ ਹੁੰਦੇ ਹਨ। ਪੰਜਾਬ ਦੇ ਰਕਬੇ ਲਗਭਗ 99% ਹਿੱਸੇ ਵਿਚ ਸਿੰਜਾਈ ਸਹੂਲਤਾਂ ਜਿਵੇਂ ਨਹਿਰਾਂ ਤੇ ਟਿਊਬਵੈੱਲ, ਮੌਜੂਦ ਹਨ। ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ 2001 ਵਿਚ 8 ਲੱਖ ਸੀ, ਹੁਣ 15 ਲੱਖ ਤੋਂ ਵੀ ਜ਼ਿਆਦਾ ਹੋ ਗਈ ਹੈ। ਇਸ ਸਿੰਜਾਈ ਪ੍ਰਣਾਲੀ ਨੂੰ ਮੁੱਖ ਤੌਰ 'ਤੇ ਕਣਕ ਤੇ ਝੋਨੇ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਗਿਆ ਹੈ। ਮੁਫਤ ਬਿਜਲੀ ਦੀ ਨੀਤੀ ਨੇ ਝੋਨੇ ਦੀ ਖੇਤੀ ਨੂੰ ਹੋਰ ਆਕਰਸ਼ਕ ਬਣਾ ਦਿੱਤਾ ਹੈ।

ਹੋਰ ਫਸਲਾਂ ਵਿਚ ਖੋਜ ਅਤੇ ਵਿਕਾਸ ਦੀ ਗੱਲ ਕਰੀਏ ਤਾਂ ਕਪਾਹ ਦੇ ਖੇਤਰ ਵਿਚ 2002 ਤੋਂ 2006 ਦੇ ਸਮੇਂ ਦੌਰਾਨ ਆਈਆਂ ਜਨੈਟਿਕਲੀ ਮੋਡੀਫਾਈਡ ਕਪਾਹ ਦੀਆਂ ਹਾਈਬ੍ਰਿਡ ਕਿਸਮਾਂ ਤੋਂ ਬਾਅਦ ਕੋਈ ਵੀ ਖਾਸ ਸੁਧਰੇ ਬੀਜ ਨਹੀਂ ਮਿਲਦੇ; ਨਾ ਹੀ ਦਾਲਾਂ ਤੇ ਬਾਕੀ ਅਨਾਜਾਂ ਵਿਚ ਕੋਈ ਖਾਸ ਖੋਜ ਦੇਖਣ ਵਿਚ ਆਈ ਹੈ। ਜ਼ਿਆਦਾਤਰ ਤੇਲ ਬੀਜਾਂ, ਦਾਲਾਂ ਤੇ ਹੋਰ ਫਸਲਾਂ ਦੀ ਉਪਜ ਵਿਚ ਵਾਧਾ ਜਾਂ ਤਾਂ ਰੁਕਿਆ ਹੋਇਆ ਹੈ ਜਾਂ ਫਿਰ ਨਾ-ਮਾਤਰ ਹੈ।

ਇਸ ਪ੍ਰਕਾਰ ਪੰਜਾਬ ਦੀ ਖੇਤੀ ਕੇਵਲ ਦੋ ਫਸਲਾਂ ਕਣਕ ਅਤੇ ਝੋਨੇ 'ਤੇ ਨਿਰਭਰ ਹੋਣ ਦੇ ਕਾਰਨਾਂ ਵਿਚ ਘੱਟੋ-ਘੱਟ ਸਮਰਥਨ ਮੁੱਲ ਆਧਾਰਿਤ ਮੰਡੀਕਰਨ ਦੇ ਨਾਲ-ਨਾਲ ਇਨ੍ਹਾਂ ਦੋਵਾਂ ਫਸਲਾਂ ਅਨੁਕੂਲ ਖੋਜ ਪ੍ਰਬੰਧਨ ਲਈ ਸਰਕਾਰੀ ਤਰਜੀਹ ਅਤੇ ਸਮਾਜਿਕ-ਆਰਥਿਕ ਤੇ ਢਾਂਚਾਗਤ ਤਬਦੀਲੀਆਂ ਵੀ ਜ਼ਿੰਮੇਵਾਰ ਹਨ। ਪੰਜਾਬ ਵਿਚ ਕਣਕ-ਝੋਨਾ ਫਸਲੀ ਚੱਕਰ ਦੇ ਮੱਕੜ ਜਾਲ ਵਿਚ ਫਸੀ ਕਿਸਾਨੀ ਨੂੰ ਕੱਢਣ ਲਈ ਪਿਛਲੇ ਸਾਲ ਜਨਤਕ ਕੀਤੇ ਨਵੀਂ ਖੇਤੀ ਨੀਤੀ ਦੇ ਖਰੜੇ ਵਿਚ ਫਸਲੀ ਵੰਨ-ਸਵੰਨਤਾ ਲਈ ਬਾਜ਼ਾਰ ਆਧਾਰਿਤ ਫਸਲੀ ਕਾਸ਼ਤ ਹੱਲ ਵਜੋਂ ਪੇਸ਼ ਕੀਤੀ ਗਈ ਹੈ। ਇਉਂ ਜਦੋਂ ਤੱਕ ਸੂਬੇ ਦੇ ਸੰਪੂਰਨ ਅਰਥਚਾਰੇ ਵਿਚ ਢਾਂਚਾਗਤ ਸੁਚਾਰੂ ਤਬਦੀਲੀ ਨਹੀਂ ਆਉਂਦੀ ਅਤੇ ਗੈਰ ਖੇਤੀ ਖੇਤਰ ਪੂਰੀ ਤਰ੍ਹਾਂ ਵਿਕਸਤ ਨਹੀਂ ਹੁੰਦੇ, ਉਦੋਂ ਤੱਕ ਕਣਕ-ਝੋਨਾ ਫਸਲੀ ਚੱਕਰ ਦੇ ਮੱਕੜ ਜਾਲ ਤੋਂ ਖਹਿੜਾ ਛਡਾਉਣਾ ਮੁਸ਼ਕਿਲ ਲੱਗ ਰਿਹਾ ਹੈ। ਇਸ ਸਮੱਸਿਆ ਦੇ ਹੱਲ ਲਈ ਸਿਰਫ ਬਾਜ਼ਾਰ ਆਧਾਰਿਤ ਫਸਲੀ ਪੈਦਾਵਾਰ 'ਤੇ ਕੇਂਦਰਿਤ ਹੋਣ ਦੀ ਬਜਾਏ ਪੂਰੇ ਪੇਂਡੂ ਅਰਥਚਾਰੇ ਵਿਚ ਵੰਨ-ਸਵੰਨਤਾ ਲਿਆ ਕੇ ਖੇਤੀ ਖੇਤਰ 'ਤੇ ਨਿਰਭਰਤਾ ਘਟਾਉਣੀ ਪਵੇਗੀ। ਇਸ ਸਭ ਲਈ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵੱਡੇ ਨਿਵੇਸ਼ ਦੀ ਜ਼ਰੂਰਤ ਹੋਵੇਗੀ।



# ਬਾਜਰੇ ਦੀ ਸਫਲ ਕਾਸ਼ਤ ਲਈ ਕੁਝ ਸੁਝਾਅ

ਬਾਜਰੇ ਦੀ ਫ਼ਸਲ ਵਿੱਚ ਪਾਣੀ ਦੀ ਖਪਤ ਬਹੁਤ ਘੱਟ ਹੁੰਦੀ ਹੈ, ਇਸ ਲਈ ਇਹ ਫ਼ਸਲ ਪਾਣੀ ਦੀ ਬੱਚਤ ਅਤੇ ਫ਼ਸਲੀ ਵਿਭਿੰਨਤਾ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ।

**ਜ਼ਮੀਨ ਦੀ ਚੋਣ ਅਤੇ ਖੇਤ ਦੀ ਤਿਆਰੀ** : ਬਾਜਰੇ ਦੀ ਭਰਪੂਰ ਫ਼ਸਲ ਲੈਣ ਲਈ ਚੰਗੇ ਜਲ ਨਿਕਾਸ ਅਤੇ ਭਲ ਵਾਲੀ ਜ਼ਮੀਨ ਬਹੁਤ ਅਨੁਕੂਲ ਹੈ।



ਖੇਤ ਨੂੰ 2 ਤੋਂ 3 ਵਾਰ ਵਾਹੋ ਅਤੇ ਹਰ ਵਾਹੀ ਬਾਅਦ ਸੁਹਾਗਾ ਜ਼ਰੂਰ ਫੇਰੋ।

**ਬਿਜਾਈ ਦਾ ਸਮਾਂ, ਬੀਜ ਦੀ ਮਾਤਰਾ ਅਤੇ ਬਿਜਾਈ ਦਾ ਢੰਗ** : ਬਾਜਰੇ ਦੀ ਫ਼ਸਲ ਤੋਂ ਪੂਰਾ ਝਾੜ ਲੈਣ ਲਈ, 1.5 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤ ਕੇ ਜੁਲਾਈ ਵਿੱਚ ਬੀਜੋ। ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫਾਸਲਾ 50.0 ਸੈਂਟੀਮੀਟਰ ਅਤੇ ਬੀਜ ਦੀ ਡੂੰਘਾਈ 2.5 ਸੈਂਟੀਮੀਟਰ ਰੱਖੋ। ਬਿਜਾਈ ਤੋਂ 3 ਹਫਤੇ ਬਾਅਦ ਫ਼ਸਲ ਨੂੰ ਵਿਰਲਾ ਕਰੋ, ਤਾਂ ਜੋ ਬੂਟੇ ਤੋਂ ਬੂਟੇ ਵਿਚਕਾਰ ਫਾਸਲਾ 15 ਸੈਂਟੀਮੀਟਰ ਰੱਖਿਆ ਜਾ ਸਕੇ।

**ਖਾਦ-ਖੁਰਾਕ, ਪਾਣੀ ਅਤੇ ਨਦੀਨ-ਪ੍ਰਬੰਧਨ** : ਸੇਂਜੂ ਹਾਲਤਾਂ ਵਿੱਚ ਅੱਧੀ ਨਾਈਟ੍ਰੋਜਨ ਅਤੇ ਪੂਰੀ ਫਾਸਫੋਰਸ ਅਖੀਰਲੀ ਵਾਹੀ ਨਾਲ ਪਾ ਦਿਉ। ਬਾਕੀ ਨਾਈਟ੍ਰੋਜਨ ਦੋ ਹਿੱਸਿਆਂ ਵਿੱਚ, ਬੂਟੇ ਵਿਰਲੇ ਕਰਨ ਅਤੇ ਸਿੱਟੇ ਨਿਕਲਣ ਤੋਂ ਪਹਿਲਾਂ ਪਾਉ। ਬਾਰਾਨੀ ਹਾਲਤਾਂ ਵਿੱਚ ਅੱਧੀ ਨਾਈਟ੍ਰੋਜਨ ਅਤੇ ਪੂਰੀ ਫਾਸਫੋਰਸ ਅਖੀਰਲੀ ਵਾਹੀ ਨਾਲ ਅਤੇ ਬਾਕੀ ਦੀ ਨਾਈਟ੍ਰੋਜਨ ਇੱਕ ਮਹੀਨੇ ਪਿੱਛੋਂ ਮੀਂਹ ਪੈਣ 'ਤੇ ਪਾਉ।

ਬਾਜਰੇ ਦੀ ਸਿੰਚਾਈ ਵਰਖਾ 'ਤੇ ਨਿਰਭਰ ਕਰਦੀ ਹੈ। ਆਮ ਤੌਰ 'ਤੇ ਦੋ ਪਾਣੀ ਲਾਉਣ ਨਾਲ ਚੰਗੀ ਫ਼ਸਲ ਲਈ ਜਾ ਸਕਦੀ ਹੈ। ਬਾਜਰਾ ਜ਼ਿਆਦਾ ਪਾਣੀ ਦੀ ਮਾਰ ਨਹੀਂ ਸਹਾਰ ਸਕਦਾ। ਇਸ ਲਈ ਜ਼ਿਆਦਾ ਵਰਖਾ ਹੋਣ ਦੀ ਹਾਲਤ ਵਿੱਚ ਪਾਣੀ ਨੂੰ ਖੇਤ ਵਿੱਚੋਂ ਜਲਦੀ ਹੀ ਕੱਢ ਦਿਉ। ਨਦੀਨਾਂ ਦੀ ਰੋਕਥਾਮ ਲਈ ਪਹੀਏ ਵਾਲੀ ਤ੍ਰਿਫਾਲੀ ਜਾਂ ਟਰੈਕਟਰ ਨਾਲ ਲੱਗੇ ਟਿੱਲਰ ਨਾਲ ਬਿਜਾਈ ਤੋਂ 3-5 ਹਫਤਿਆਂ ਬਾਅਦ ਇੱਕ ਗੋਡੀ ਕਰੋ।

**ਬਾਜਰੇ ਦੀ ਫ਼ਸਲ ਵਿੱਚ ਬਿਮਾਰੀਆਂ ਦੀ ਰੋਕਥਾਮ**

**ਗੂੰਦੀਆਂ ਰੋਗ/ਬਾਜਰੇ ਦਾ ਅਰਗਟ** : ਇਸ ਬਿਮਾਰੀ ਕਾਰਨ ਸਿੱਟਿਆਂ ਵਿੱਚ ਦਾਣੇ ਦੀ ਥਾਂ ਗੂੜ੍ਹੇ ਰੰਗ ਦੀ ਮਘਰੋੜੀ ਪੈ ਜਾਂਦੀ ਹੈ। ਸਿੱਟੇ ਵਿੱਚ ਬੀਜ ਬਹੁਤ ਘੱਟ ਪੈਂਦਾ ਹੈ। ਇਸ ਬਿਮਾਰੀ ਦੀ ਉੱਲੀ ਬੀਜ ਅਤੇ ਜ਼ਮੀਨ ਰਾਹੀਂ ਆਉਂਦੀ ਹੈ। ਇਸ ਦੀ ਰੋਕਥਾਮ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ 10 ਪ੍ਰਤੀਸ਼ਤ ਲੂਣ ਵਾਲੇ ਪਾਣੀ ਵਿੱਚ ਪਾਉ। ਬਿਮਾਰੀ ਵਾਲੇ ਦਾਣੇ ਉੱਪਰ ਤਰ ਆਉਣਗੇ, ਇਹਨਾਂ ਨੂੰ ਵੱਖਰੇ ਕਰਕੇ ਫੇਰ ਬੀਜ ਨੂੰ ਸਾਫ਼ ਸਾਦੇ ਪਾਣੀ ਵਿੱਚ ਧੋ ਕੇ ਸੁਕਾ ਲਵੋ। ਜੇਕਰ ਸਿੱਟਿਆਂ ਉੱਪਰ ਸ਼ਹਿਦ ਵਰਗੇ ਤੁਪਕੇ ਨਜ਼ਰ ਆਉਣ ਤਾਂ ਛੇਤੀ ਹੀ ਅਜਿਹੇ ਸਿੱਟੇ ਚੁਣ ਕੇ ਸਾੜ ਦਿਉ। ਵਾਢੀ ਤੋਂ ਪਿੱਛੋਂ ਡੂੰਘਾ ਹਲ ਚਲਾ ਕੇ ਬਾਜਰੇ ਦੇ ਬਚੇ-ਖੁਚੇ ਹਿੱਸੇ ਡੂੰਘੇ ਦੱਬ ਦਿਉ ਤਾਂ ਕਿ ਬਿਮਾਰੀ ਦੇ ਅੰਸ਼ ਮਰ ਜਾਣ।

**ਦਾਣਿਆਂ ਦੀ ਕਾਂਗਿਆਰੀ** : ਇਸ ਬਿਮਾਰੀ ਨਾਲ ਸਿੱਟੇ ਦੇ ਇੱਕ ਪਾਸੇ ਵਾਲੇ ਦਾਣੇ ਵਿੱਚੋਂ ਕਾਲੇ ਹੋ ਜਾਂਦੇ ਹਨ ਅਤੇ ਸਿੱਟਾ ਪੱਕਣ 'ਤੇ ਇਨ੍ਹਾਂ ਦਾਣਿਆਂ ਦੀ ਉਪਰਲੀ ਝਿੱਲੀ ਫਟ ਜਾਂਦੀ ਹੈ ਅਤੇ ਦਾਣਿਆਂ ਦਾ ਕਾਲਾ ਧੂੜਾ ਮਿੱਟੀ ਉੱਤੇ ਡਿੱਗ ਪੈਂਦਾ ਹੈ ਅਤੇ ਨਰੋਏ ਦਾਣਿਆਂ ਉੱਤੇ ਵੀ ਲੱਗ ਜਾਂਦਾ ਹੈ। ਇਸ ਧੂੜੇ ਵਿੱਚ ਉੱਲੀ ਦੀ ਬਿਮਾਰੀ ਦੇ ਲੱਖਾਂ ਹੀ ਜੀਵਾਣੂੰ ਹੁੰਦੇ ਹਨ, ਜੋ ਇੱਕ ਸਾਲ ਤੱਕ ਜਿਉਂਦੇ ਰਹਿੰਦੇ ਹਨ। ਅਗਲੇ ਸਾਲ ਜਦੋਂ ਬਾਜਰੇ ਦੀ ਫ਼ਸਲ ਸਿੱਟਾ ਕੱਢਦੀ ਹੈ, ਮਿੱਟੀ ਉੱਤੇ ਪਏ ਜੀਵਾਣੂੰ ਉੱਗ ਜਾਂਦੇ ਹਨ ਅਤੇ ਇਹ ਹਵਾ ਰਾਹੀਂ ਸਿੱਟਿਆਂ 'ਤੇ ਜਾ ਪੈਂਦੇ ਹਨ ਅਤੇ ਬਿਮਾਰੀ ਦੀ ਲਾਗ ਲਾ ਦਿੰਦੇ ਹਨ। ਜੇਕਰ ਹਵਾ ਵਿੱਚ ਨਮੀਂ ਜ਼ਿਆਦਾ ਹੋਵੇ ਤਾਂ ਬਿਮਾਰੀ ਦਾ ਹਮਲਾ ਵੱਧ ਹੁੰਦਾ ਹੈ। ਇਸ ਦੀ ਰੋਕਥਾਮ ਲਈ ਬਿਮਾਰੀ ਵਾਲੇ ਸਿੱਟੇ ਛਾਂਟ ਕੇ ਨਸ਼ਟ ਕਰ ਦਿਉ।

**ਅਮਨਦੀਪ ਕੌਰ ਅਤੇ ਗੁਰਬੀਰ ਕੌਰ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ** (ਮੋ. 78892-94391)

# ਦੇਸ਼ ਦੇ ਹਿੱਤ ਵਿੱਚ ਨਹੀਂ ਵਾਹੀਯੋਗ ਜ਼ਮੀਨਾਂ ਦਾ ਉਜਾੜਾ

**ਨਵਤੇਜ ਸਿੰਘ ਮੱਲ੍ਹੀ,**
ਪਿੰਡ ਭਾਗੋਕਾਵਾਂ (ਗੁਰਦਾਸਪੁਰ)

ਖੇਤੀ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਵਰਗੇ ਰਾਜ ਅਨਾਜ ਦੇ ਉਤਪਾਦਨ ਵਿੱਚ ਚੋਖਾ ਯੋਗਦਾਨ ਪਾ ਰਹੇ ਹਨ। ਦੇਸ਼ ਦੀ ਆਬਾਦੀ ਤਕਰੀਬਨ 140 ਕਰੋੜ ਤੋਂ ਪਾਰ ਹੋ ਚੁੱਕੀ ਹੈ, ਪਰ ਪੰਜਾਬ ਅਤੇ ਹਰਿਆਣਾ ਵਰਗੇ ਉਪਜਾਊ ਭੂਮੀ ਵਾਲੇ ਰਾਜ ਦੇਸ਼ ਦਾ ਪੇਟ ਭਰਨ ਦੀ ਸਮਰੱਥਾ ਰੱਖਦੇ ਹਨ। ਅਨਾਜ ਉਤਪਾਦਨ ਦੇ ਪੱਖ ਤੋਂ ਭਾਰਤ ਆਤਮ-ਨਿਰਭਰ ਹੀ ਨਹੀਂ, ਸਗੋਂ ਵੱਡਾ ਨਿਰਯਾਤਕ ਵੀ ਹੈ। ਜਦ ਦੁਨੀਆਂ ਦੇ ਦੇਸ਼ ਆਰਥਿਕ ਮੰਦੀ ਦਾ ਸ਼ਿਕਾਰ ਹੁੰਦੇ ਹਨ, ਤਦ ਵੀ ਭਾਰਤ ਵਰਗੇ ਖੇਤੀ ਅਰਥਚਾਰੇ ਵਾਲੇ ਦੇਸ਼ ਵਿੱਚ ਮੰਦੀ ਦਾ ਪ੍ਰਭਾਵ ਕੋਈ ਜ਼ਿਆਦਾ ਦਿਖਾਈ ਨਹੀਂ ਦਿੰਦਾ, ਕਿਉਂਕਿ ਜਦ ਵੀ ਕਿਸੇ ਫ਼ਸਲ ਦੀ ਆਮਦ ਹੁੰਦੀ ਹੈ, ਬਾਜ਼ਾਰਾਂ ਵਿੱਚ ਰੌਣਕਾਂ ਪਸਰ ਜਾਂਦੀਆਂ ਹਨ। ਟਰੈਕਟਰਾਂ, ਕੰਬਾਈਨਾਂ, ਖੇਤੀ ਨਾਲ ਸੰਬੰਧਿਤ ਹੋਰ ਮਸ਼ੀਨਰੀ, ਗੱਡੀਆਂ, ਕੱਪੜਾ, ਸੋਨਾ ਆਦਿ ਦੀ ਖਰੀਦੋ-ਫਰੋਖਤ ਅਤੇ ਨਿਰਮਾਣਕਾਰੀ ਕੰਮਾਂ ਵਿੱਚ ਵਾਧਾ ਹੋਣ ਨਾਲ ਬਾਜ਼ਾਰਾਂ ਵਿੱਚ ਪੈਸੇ ਦਾ ਆਦਾਨ-ਪ੍ਰਦਾਨ ਹੁੰਦਾ ਹੈ, ਮਾਲੀਆ ਇਕੱਤਰ ਹੁੰਦਾ ਹੈ, ਜਿਸ ਨਾਲ ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਮਿਲਦਾ ਹੈ। ਕੋਰੋਨਾ ਕਾਲ ਵਿੱਚ ਜਦ ਦੁਨੀਆਂ ਭਰ ਦੇ ਦੇਸ਼ ਕਾਰਖਾਨੇ ਅਤੇ ਸਨਅਤਾਂ ਬੰਦ ਹੋਣ ਕਰਕੇ ਆਰਥਿਕ ਸੰਕਟ ਦਾ ਸ਼ਿਕਾਰ ਹੋਏ, ਤਦ ਵੀ ਖੇਤੀ ਖੇਤਰ ਨੇ ਭਾਰਤ ਦੀ ਆਰਥਿਕਤਾ ਵਿੱਚ ਖੜੋਤ ਨਾ ਆਉਣ ਦਿੱਤੀ। ਤ੍ਰਾਸਦੀ ਹੈ ਕਿ ਇਸ ਸਭ ਦੇ ਬਾਵਜੂਦ ਸਾਡੀਆਂ ਖੁਦ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਖੇਤੀ ਖੇਤਰ ਦੇ ਉਜਾੜੇ ਲਈ ਨਿੱਤ ਨਵੀਆਂ ਵਿਉਂਤਬੰਦੀਆਂ ਘੜ ਰਹੀਆਂ ਹਨ। ਸਰਕਾਰ ਚਾਹੇ ਕੇਂਦਰ ਦੀ ਹੋਵੇ ਜਾਂ ਸੂਬਿਆਂ ਦੀਆਂ ਹੋਣ, ਖੇਤੀ ਖੇਤਰ ਦੀ ਤਬਾਹੀ ਲਈ ਪੂਰੀ ਤਰ੍ਹਾਂ ਪੱਬਾਂ ਭਾਰ ਹਨ। ਠੀਕ ਹੈ ਆਬਾਦੀ ਵਿੱਚ ਵਾਧਾ ਹੋ ਰਿਹਾ ਹੈ, ਨਵੇਂ ਮਕਾਨ ਬਣਾਉਣ ਦੀ ਜ਼ਰੂਰਤ ਹੈ। ਟ੍ਰੈਫਿਕ ਵਧਣ ਕਾਰਨ ਨਵੀਆਂ ਸੜਕਾਂ ਬਣਾਉਣ ਤੇ ਪੁਰਾਣੀਆਂ ਸੜਕਾਂ ਚੌੜੀਆਂ ਕਰਨ ਦੀ ਜ਼ਰੂਰਤ ਹੈ, ਨਵੀਆਂ ਸਨਅਤਾਂ ਵੀ ਲਗਾਉਣ ਦੀ ਜ਼ਰੂਰਤ ਹੈ। ਪਰ ਨਵੀਆਂ ਸਨਅਤੀ ਇਕਾਈਆਂ ਲਗਾਉਣ ਲਈ ਵਾਹੀਯੋਗ ਤੇ ਉਪਜਾਊ ਭੂਮੀ ਦੇ ਉਜਾੜੇ ਦੀ ਕੀ ਜ਼ਰੂਰਤ ਹੈ? ਜਦ ਦੇਸ਼ ਵਿੱਚ ਹਜ਼ਾਰਾਂ ਏਕੜ ਬੇਆਬਾਦ ਅਤੇ ਵਿਰਾਨ ਜਾਂ ਸ਼ਾਮਲਾਟ ਜ਼ਮੀਨ ਪਈ ਹੈ। ਵਿਰਾਨੀ ਜ਼ਮੀਨ 'ਤੇ ਫੈਕਟਰੀਆਂ ਤੇ ਸਨਅਤੀ ਇਕਾਈਆਂ ਲਗਾਉਣ ਨਾਲ ਰੁਜ਼ਗਾਰ ਦੇ ਮੌਕੇ ਵੀ ਵਧਣਗੇ ਅਤੇ ਵਾਹੀਯੋਗ ਭੂਮੀ ਖੇਤੀ ਲਈ ਬਚ ਜਾਵੇਗੀ। ਨਵੀਆਂ ਉਸਾਰੀਆਂ ਕਾਰਨ ਜ਼ਮੀਨ ਤਾਂ ਪਹਿਲਾਂ ਹੀ ਦਿਨੋ-ਦਿਨ ਘੱਟ ਰਹੀ ਹੈ। ਇਕੱਲੇ ਪੰਜਾਬ ਦੀ ਲਗਭਗ 22000 ਏਕੜ ਜ਼ਮੀਨ ਭਾਰਤ ਮਾਲਾ ਪ੍ਰੋਜੈਕਟ ਦੀ ਭੇਟ ਚੜ੍ਹੀ ਹੈ। ਹੁਣ ਪੰਜਾਬ ਸਰਕਾਰ ਨੇ ਵੀ ਨਵੀਂ ਜ਼ਮੀਨ ਪ੍ਰਾਪਤੀ ਨੀਤੀ ਬਣਾਈ ਹੈ, ਜਿਸ ਤਹਿਤ ਲੁਧਿਆਣੇ ਦੇ 32 ਪਿੰਡਾਂ ਦੀ 24311 ਏਕੜ ਵਾਹੀਯੋਗ ਜ਼ਮੀਨ 'ਤੇ ਨਵੀਆਂ ਕਾਲੋਨੀਆਂ ਉਸਾਰਨ ਦੀ ਤਜਵੀਜ਼ ਹੈ। ਇਹ ਨੀਤੀ ਸਰਕਾਰ ਦੇ ਕਹਿਣ ਮੁਤਾਬਿਕ ਲੋਕਾਂ ਲਈ ਲਾਹੇਵੰਦ ਹੈ, ਪਰ ਅਸਲੀਅਤ ਵਿੱਚ ਲੋਕਾਂ ਦੀ ਜ਼ਮੀਨ ਵੀ ਹਥਿਆ ਲਈ ਜਾਵੇਗੀ ਅਤੇ ਮੁਆਵਜ਼ਾ ਵੀ ਨਾਂਹ ਦੇ ਬਰਾਬਰ ਮਿਲੇਗਾ। ਇਸ ਨੀਤੀ ਤਹਿਤ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਲਈ ਜਾਵੇਗੀ, ਉਨ੍ਹਾਂ ਨੂੰ ਨਵੀਆਂ ਕਾਲੋਨੀਆਂ ਵਿੱਚ ਰਿਹਾਇਸ਼ੀ ਖੇਤਰ ਵਿੱਚ 1000 ਵਰਗ ਗਜ਼ ਦਾ ਪਲਾਟ ਤੇ ਵਪਾਰਕ ਖੇਤਰ ਵਿੱਚ 200 ਵਰਗ ਗਜ਼ ਦਾ ਪਲਾਟ ਦਿੱਤਾ ਜਾਵੇਗਾ। ਅਰਬਨ ਸੁਸਾਇਟੀ ਵਿਕਸਿਤ ਕਰਨ ਲਈ ਘੱਟੋ-ਘੱਟ 5 ਸਾਲ ਦਾ ਸਮਾਂ ਤਾਂ ਲੱਗੇਗਾ ਹੀ, ਜਿਸ ਕਿਸਾਨ ਦੀ ਜ਼ਮੀਨ ਲਈ ਗਈ ਹੋਵੇਗੀ, 5 ਸਾਲ ਉਸ ਦੇ ਪਰਿਵਾਰ ਦਾ



ਗੁਜ਼ਾਰਾ ਕਿਵੇਂ ਚੱਲੇਗਾ। ਅਜਿਹੇ ਪਰਿਵਾਰ ਬੇਘਰ ਵੀ ਹੋਣਗੇ ਅਤੇ ਮਜ਼ਦੂਰੀ ਤੋਂ ਬਿਨਾਂ ਹੋਰ ਕੋਈ ਕੰਮ ਨਾ ਰਹੇਗਾ। ਸਰਕਾਰ ਦਾ ਕਹਿਣਾ ਹੈ ਕਿ ਨਵੀਆਂ ਕਾਲੋਨੀਆਂ ਵਿਕਸਿਤ ਹੋਣ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਪਰ ਅਸਲੀਅਤ ਵਿੱਚ ਸਰਕਾਰ ਦੀ ਭੂਮਿਕਾ ਸਾਜ਼ਿਸ਼ ਤਹਿਤ ਜਾਂ ਡੰਡੇ ਦੇ ਜ਼ੋਰ 'ਤੇ ਕਿਸਾਨਾਂ ਤੋਂ ਜ਼ਮੀਨਾਂ ਖੋਹ ਕੇ ਬਿਲਡਰਾਂ ਦੇ ਹਵਾਲੇ ਕਰਨ ਤੱਕ ਸੀਮਤ ਹੈ। ਬਿਲਡਰ ਕਾਲੋਨੀਆਂ ਵਿਕਸਿਤ ਕਰਨਗੇ। ਕਿਸਾਨਾਂ ਦੇ ਹੱਥ-ਪੱਲੇ ਨਿਰਾਸ਼ਾ ਅਤੇ ਬੇਚੈਨੀ ਤੋਂ ਬਿਨਾਂ ਕੁਝ ਨਹੀਂ ਲੱਗੇਗਾ। ਚੰਡੀਗੜ੍ਹ ਤੇ ਮੁਹਾਲੀ ਸ਼ਹਿਰਾਂ ਵਿੱਚ ਹਜ਼ਾਰਾਂ ਏਕੜ ਕਿਸਾਨਾਂ ਦੀ ਜ਼ਮੀਨ ਲੈ ਲਈ ਗਈ, ਉਨ੍ਹਾਂ ਕਿਸਾਨਾਂ ਨੂੰ 8000 ਰੁਪਏ ਦੀ ਸੁਰੱਖਿਆ ਕਰਮੀ ਦੀ ਨੌਕਰੀ ਤੋਂ ਬਿਨਾਂ ਹੋਰ ਕੋਈ ਰੁਜ਼ਗਾਰ ਨਹੀਂ ਮਿਲਿਆ। ਵਧੇਰੇ ਕਿਸਾਨਾਂ ਦੀ ਜ਼ਮੀਨ ਖੁਸ ਜਾਣ ਬਾਅਦ ਮਜ਼ਦੂਰੀਆਂ ਕਰਦੇ ਹਨ। ਫਿਲਹਾਲ ਕਿਸੇ ਕੋਲ 2 ਏਕੜ ਹੀ ਭਾਵੇਂ ਜ਼ਮੀਨ ਹੈ, ਪਰ ਉਸ ਦੇ ਪਰਿਵਾਰ ਦਾ ਗੁਜ਼ਾਰਾ ਜ਼ਰੂਰ ਚੱਲਦਾ ਹੈ। ਪਰ ਜ਼ਮੀਨ ਖੁਸ ਜਾਣ ਬਾਅਦ ਏਨੀ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਮਜ਼ਦੂਰੀ ਤੋਂ ਬਿਨਾਂ ਕਿਹੜਾ ਰੁਜ਼ਗਾਰ ਦੇਵੇਗੀ ਸਰਕਾਰ, ਇਹ ਸੋਚ ਦਾ ਵਿਸ਼ਾ ਹੈ। ਬਹੁਤੇ ਕਿਸਾਨ ਅਜਿਹੇ ਹਨ, ਜਿਹੜੇ ਆਪਣੀ ਮਰਜ਼ੀ ਨਾਲ ਜ਼ਮੀਨਾਂ ਵੇਚ ਰਹੇ ਹਨ। ਇੱਥੇ ਅਰਬਨ ਸੁਸਾਇਟੀਆਂ ਬਣਾ ਲਈਆਂ ਜਾਣ। ਕਿਸਾਨਾਂ ਦੀ ਵਾਹੀਯੋਗ ਜ਼ਮੀਨ ਜਬਰੀ ਖੋਹਣ ਦੀ ਕੀ ਲੋੜ ਹੈ। ਲੁਧਿਆਣਾ ਤਾਂ ਪਹਿਲਾਂ ਹੀ ਪੰਜਾਬ ਦਾ ਪ੍ਰਦੂਸ਼ਿਤ ਸ਼ਹਿਰ ਹੈ। ਇੱਥੇ ਰਿਹਾਇਸ਼ੀ ਖੇਤਰਾਂ ਦੀ ਸਨਅਤ ਨੇ ਮਿੱਟੀ, ਹਵਾ ਅਤੇ ਪਾਣੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਸਨਅਤੀ ਇਕਾਈਆਂ ਦਾ ਬੁੱਢੇ ਨਾਲੇ ਵਿੱਚ ਪੈ ਰਿਹਾ ਪਾਣੀ ਲੋਕਾਂ ਨੂੰ ਕੈਂਸਰ ਵੰਡ ਰਿਹਾ ਹੈ। ਇਥੋਂ ਦੀਆਂ ਕਈ ਸਨਅਤੀ ਇਕਾਈਆਂ ਦਾ ਗੰਦਾ ਪਾਣੀ ਵੱਡੇ ਬੋਰ ਕਰਕੇ ਜ਼ਮੀਨ ਵਿੱਚ ਪਾਇਆ ਜਾ ਰਿਹਾ ਹੈ, ਜਿਸ ਕਾਰਨ ਰਿਹਾਇਸ਼ੀ ਖੇਤਰਾਂ ਵਿੱਚ ਪੰਪ ਤੇ ਮੋਟਰਾਂ ਧਰਤੀ ਹੇਠੋਂ ਗੰਦਾ ਪਾਣੀ ਕੱਢ ਰਹੀਆਂ ਹਨ। ਲੋਕਾਂ ਦੀ ਸਿਹਤ ਸੰਭਾਲ ਨੂੰ ਮੁੱਖ ਰੱਖਦਿਆਂ ਸਨਅਤੀ ਰਿਹਾਇਸ਼ੀ ਖੇਤਰਾਂ ਤੋਂ ਬਾਹਰ ਅਤੇ ਵਾਹੀਯੋਗ ਜ਼ਮੀਨਾਂ ਦੀ ਤਾਂ ਬੇਆਬਾਦ ਜ਼ਮੀਨਾਂ ਵਿੱਚ ਲਗਾਉਣੀ ਚਾਹੀਦੀ ਹੈ। ਪਿੰਡਾਂ ਦੀ ਹਾਲੇ ਵੀ 64 ਫੀਸਦੀ ਆਬਾਦੀ ਖੇਤੀ 'ਤੇ ਨਿਰਭਰ ਹੈ। ਜ਼ਮੀਨਾਂ ਹਥਿਆਉਣ ਨਾਲ ਖੇਤੀ 'ਤੇ ਨਿਰਭਰ ਪਰਿਵਾਰ ਹਰ ਪਾਸਿਓਂ ਵਿਹਲੇ ਹੋ ਜਾਣਗੇ। ਅਸਲ ਵਿੱਚ ਵਿਸ਼ਵ ਬੈਂਕ ਕੋਲੋਂ ਕਰਜ਼ਾ ਲੈਣ ਲਈ ਕੇਂਦਰ ਅਤੇ ਸੂਬਾ ਸਰਕਾਰ ਅਜਿਹੀਆਂ ਨੀਤੀਆਂ ਅਪਣਾ ਰਹੀਆਂ ਹਨ, ਜਿਸ ਦਾ ਸਿੱਧਾ ਮਤਲਬ ਆਮਦਨ ਦੇ ਵਸੀਲਿਆਂ 'ਤੇ ਮੁੱਠੀ ਭਰ ਲੋਕਾਂ ਨੂੰ ਕਾਬਜ਼ ਕਰਵਾਉਣਾ ਹੈ। ਇਹ ਨੀਤੀ ਦਾ ਹਿੱਸਾ ਹੈ, ਦੇਸ਼ ਵਿੱਚ ਵੱਧ ਤੋਂ ਵੱਧ ਮਜ਼ਦੂਰ ਪੈਦਾ ਕੀਤੇ ਜਾਣ, ਤਾਂ ਜੋ ਫੈਕਟਰੀਆਂ ਨੂੰ ਸਸਤੀ ਲੇਬਰ ਮਿਲ ਸਕੇ। ਮਜ਼ਦੂਰ ਪੈਦਾ ਕਰਨ ਦੀ ਨੀਤੀ ਨੂੰ ਰੁਜ਼ਗਾਰਾਂ ਦਾ ਨਾਂਅ ਦਿੱਤਾ ਜਾ ਰਿਹਾ ਹੈ। 80 ਫੀਸਦੀ ਲਗਭਗ ਸਨਅਤਾਂ ਵਿਚਲੇ ਰੁਜ਼ਗਾਰ ਕਿਰਤੀਆਂ ਨੂੰ ਉਨ੍ਹਾਂ ਦੇ ਕੇਵਲ ਸਾਹ ਚੱਲਣ ਤੱਕ ਸੀਮਤ ਮਿਹਨਤਾਨਾ ਦਿੰਦੇ ਹਨ। ਅਸਲੀ ਰੁਜ਼ਗਾਰ ਤਾਂ ਜਨਤਕ ਖੇਤਰ ਵਿੱਚ ਹਨ, ਜਿਨ੍ਹਾਂ ਦਾ ਘਾਣ ਦੀ ਆੜ ਹੇਠ ਨਿੱਜੀਕਰਨ ਹੋ ਰਿਹਾ ਹੈ। ਰੇਲਵੇ, ਬੈਂਕ, ਬੀਮਾ, ਸਿਹਤ, ਸਿੱਖਿਆ, ਹਵਾਈ ਖੇਤਰ, ਕੋਲ ਇੰਡੀਆ ਆਦਿ ਕਰੋੜਾਂ ਨੌਕਰੀਆਂ ਵਾਲੇ ਠੋਸ ਅਦਾਰਿਆਂ ਨੂੰ ਖਤਮ ਕਰਕੇ ਬੇਰੁਜ਼ਗਾਰ ਮਜ਼ਦੂਰ ਪੈਦਾ ਕੀਤੇ ਜਾ ਰਹੇ ਹਨ। ਜਨਤਕ ਅਦਾਰਿਆਂ ਦੇ ਨਿੱਜੀਕਰਨ ਤੋਂ ਬਾਅਦ ਕਾਰੋਬਾਰੀਆਂ ਤੇ ਸਰਕਾਰਾਂ ਦੀ ਅੱਖ ਹੁਣ ਕਿਸਾਨਾਂ ਦੀ ਜ਼ਮੀਨ 'ਤੇ ਹੈ। ਕਿਸਾਨਾਂ ਕੋਲੋਂ ਵਾਹੀਯੋਗ ਜ਼ਮੀਨ ਹਥਿਆ ਕੇ ਉਨ੍ਹਾਂ ਨੂੰ ਮਜ਼ਦੂਰ ਬਣਾਇਆ ਜਾ ਰਿਹਾ ਹੈ। ਪਰ ਕੌੜਾ ਸੱਚ ਹੈ ਕਿ ਅਨਾਜ ਕਿਸੇ ਫੈਕਟਰੀ ਵਿੱਚ ਨਹੀਂ ਬਣਦਾ, ਸਗੋਂ ਜ਼ਮੀਨ ਵਿੱਚ ਉੱਗਦਾ ਹੈ। ਜੇਕਰ ਉਪਜਾਊ ਭੂਮੀ ਵਿੱਚ ਸਨਅਤ ਲੱਗਾ ਦਿੱਤੀ ਗਈ, ਕਾਲੋਨੀਆਂ ਉਸਾਰ ਦਿੱਤੀਆਂ ਗਈਆਂ, ਤਾਂ ਦੇਸ਼ ਦੀ 80 ਕਰੋੜ ਗਰੀਬ ਆਬਾਦੀ, ਜਿਸ ਨੂੰ ਅਸਮਰੱਥ ਮੰਨ ਕੇ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ, ਇਨ੍ਹਾਂ ਦੀ ਰੋਟੀ ਦਾ ਪ੍ਰਬੰਧ ਕੌਣ ਕਰੇਗਾ? ਸੋ, ਵਾਹੀਯੋਗ ਜ਼ਮੀਨ ਦਾ ਉਜਾੜਾ ਦੇਸ਼ ਹਿੱਤ ਵਿੱਚ ਨਹੀਂ ਹੋਵੇਗਾ।



# ਕਿਸਾਨਾਂ ਲਈ ਪਸ਼ੂ ਪਾਲਣ ਦੇ ਧੰਦੇ ਵਿੱਚ ਸਹਾਈ ਨੁਕਤੇ

ਪਸ਼ੂਆਂ ਨੂੰ ਉਮਰ ਮੁਤਾਬਕ ਅਲੱਗ ਰੱਖਣਾ ਚਾਹੀਦਾ ਹੈ ਕਿਉਂਕਿ ਹਰ ਪਸ਼ੂ ਦੀ ਉਮਰ ਦੇ ਹਿਸਾਬ ਨਾਲ ਵੱਖ-ਵੱਖ ਲੋੜ ਅਤੇ ਸੁਭਾਅ ਹੁੰਦਾ ਹੈ । ਬਿਮਾਰ ਪਸ਼ੂਆਂ ਨੂੰ ਬਾਕੀ ਸਿਹਤਮੰਦ ਪਸ਼ੂਆਂ ਨਾਲੋਂ ਵੱਖ ਕਰ ਦੇਣਾ ਚਾਹੀਦਾ ਹੈ ਅਤੇ ਬੀਮਾਰੀਆਂ ਦੀ ਰੋਕਥਾਮ ਲਈ ਸਹੀ ਸਮੇਂ 'ਤੇ ਟੀਕਾਕਰਨ ਅਤੇ ਮਲੱਪ ਰਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਬੀਮਾਰੀ ਤੋਂ ਪਸ਼ੂ ਦੀ ਸਿਹਤ ਨੂੰ ਹੋਣ ਵਾਲੇ ਨੁਕਸਾਨ ਅਤੇ ਦੁੱਧ ਵਿੱਚ ਕਮੀਂ ਨੂੰ ਬਚਾਇਆ ਜਾ ਸਕੇ ।

★ ਸਮੇਂ-ਸਮੇਂ 'ਤੇ ਡੇਅਰੀ ਪਸ਼ੂਆਂ ਦੀ ਬਿਮਾਰੀ ਲਈ ਜਾਂਚ ਕਰਦੇ ਰਹੋ ।

★ ਨਵੇਂ ਖਰੀਦੇ ਪਸ਼ੂਆਂ ਨੂੰ ਬਾਕੀ ਪਸ਼ੂਆਂ ਨਾਲੋਂ 21 ਦਿਨ ਅਲੱਗ ਰੱਖਿਆ ਜਾਣਾ ਚਾਹੀਦਾ ਹੈ ਤਾਂ ਕਿ ਦੂਜੇ ਪਸ਼ੂਆਂ ਨੂੰ ਬਿਮਾਰੀ ਤੋਂ ਬਚਾਇਆ ਜਾ ਸਕੇ ।

★ ਪਸ਼ੂਆਂ ਦੇ ਥਣਾਂ ਦੀ ਸਾਫ-ਸਫਾਈ ਰੱਖੋ ਤਾਂ ਜੋ ਥਨੇਲਾ ਰੋਗ ਤੋਂ ਬਚਾਇਆ ਜਾ ਸਕੇ । ਦੁੱਧ ਚੁਆਈ ਤੋਂ ਬਾਅਦ ਘੱਟੋ-ਘੱਟ ਅੱਧਾ ਘੰਟਾ ਆਪਣੇ ਪਸ਼ੂਆਂ ਨੂੰ ਬੈਠਣ ਨਾ ਦਿਉ, ਕਿਉਂਕਿ ਇਸ ਸਮੇਂ ਦੌਰਾਨ ਉਨ੍ਹਾਂ ਦੇ ਥਣਾਂ ਦੀਆਂ ਮੋਰੀਆਂ ਖੁਲ੍ਹੀਆਂ ਹੁੰਦੀਆਂ ਹਨ ਅਤੇ ਜੇ ਬੈਠਣ ਵਾਲੀ ਥਾਂ ਸਾਫ ਨਾ ਹੋਵੇ ਤਾਂ ਥਨੇਲਾ ਰੋਗ ਹੋਣ ਦਾ ਖਤਰਾ ਵਧ ਜਾਂਦਾ ਹੈ । ਇਸ ਲਈ ਬਹੁਤੇ ਪਸ਼ੂ ਪਾਲਕ ਵੀਰ ਦੁੱਧ ਦੀ ਚੁਆਈ ਤੋਂ ਬਾਅਦ ਪਸ਼ੂਆਂ ਨੂੰ ਫੀਡ ਪਾ ਦਿੰਦੇ ਹਨ ਤਾਂ ਜੋ ਪਸ਼ੂ ਬੈਠ ਨਾ ਸਕੇ ।

★ ਦੁੱਧ ਚੁਆਈ ਤੋਂ ਬਾਅਦ ਟੀਟ-ਡਿਪਸ ਦੀ ਵਰਤੋਂ ਕਰਨੀ ਚਾਹੀਦੀ ਹੈ, ਜੋ ਕਿ ਬਾਜ਼ਾਰ ਤੋਂ ਆਸਾਨੀ ਨਾਲ ਮਿਲਦੇ ਹਨ ਜਾਂ ਅਸੀਂ ਇਕ ਬੋਤਲ ਪਾਣੀ ਵਿੱਚ ਇਕ ਚੁਟਕੀ ਲਾਲ ਦਵਾਈ ਪਾ ਕੇ, ਇਸ ਨੂੰ ਪਸ਼ੂ ਦੇ ਥਣਾਂ 'ਤੇ ਛਿੜਕਾਅ ਲਈ ਇਕ ਮਹੀਨਾ ਆਰਾਮ ਨਾਲ ਵਰਤ ਸਕਦੇ ਹਾਂ ।

★ ਨਸਲ ਨੂੰ ਸੁਧਾਰਨ ਲਈ ਸਹੀ ਟੀਕੇ ਦੀ ਵਰਤੋਂ ਕਰੋ ਅਤੇ ਕਿਸੇ ਮਾਹਰ ਵੈਟਰਨਰੀ ਡਾਕਟਰ ਤੋਂ ਹੀ ਟੀਕਾ ਭਰਵਾਉ ।

★ ਪਸ਼ੂਆਂ ਨੂੰ ਗੱਭਣ, ਵਜ਼ਨ ਦੇ ਹਿਸਾਬ ਨਾਲ ਕਰਵਾਉ ਨਾ ਕਿ ਉਮਰ ਦੇ ਹਿਸਾਬ ਨਾਲ ।

★ ਪਸ਼ੂਆਂ ਨੂੰ ਦੁੱਧ ਅਤੇ ਵਜ਼ਨ ਦੇ ਹਿਸਾਬ ਨਾਲ ਚਾਰਾ ਅਤੇ ਖੁਰਾਕ ਪਾਉ ਅਤੇ ਉਨ੍ਹਾਂ ਨੂੰ ਸੰਤੁਲਿਤ ਆਹਾਰ ਦਿਉ ਅਤੇ ਰੱਜਵਾਂ ਪਾਣੀ ਪਿਲਾਉ ।

★ ਉੱਲ੍ਹੀ ਰਹਿਤ ਖੁਰਾਕ ਵੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ । ਕਿਉਂਕਿ ਉੱਲ੍ਹੀ ਲੱਗੀ ਖੁਰਾਕ ਪਸ਼ੂਆਂ ਨੂੰ ਬਿਮਾਰ ਕਰਦੀ ਹੈ ਅਤੇ ਜੋ ਦੁੱਧ ਪੀਣ ਵਾਲਿਆਂ ਦੀ ਸਿਹਤ ਲਈ ਹਾਨੀਕਾਰਕ ਸਾਬਤ ਹੁੰਦੀ ਹੈ ।

★ ਖੁਰਲੀਆਂ ਅਤੇ ਖੇਲਾਂ ਦੀ ਸਾਫ-ਸਫਾਈ ਰੱਖੋ ਅਤੇ ਖੇਲਾਂ ਨੂੰ ਅੰਦਰੋਂ ਚਿੱਟੀ ਕਲੀ ਕਰੋ ਜੋ ਕਿ ਸਾਡੇ ਪਸ਼ੂਆਂ ਵਿੱਚ ਕੈਲਸ਼ੀਅਮ ਦੀ ਮਾਤਰਾ ਨੂੰ ਪੂਰੀ ਕਰਨ ਵਿੱਚ ਸਹਾਈ ਸਾਬਤ ਹੁੰਦੀ ਹੈ ।

★ ਮੌਸਮ ਦੇ ਹਿਸਾਬ ਨਾਲ ਪਸ਼ੂਆਂ ਦੀ ਸਾਂਭ-ਸੰਭਾਲ ਕਰੋ । ਸਰਦੀਆਂ ਵਿਚ ਪਸ਼ੂਆਂ ਨੂੰ ਗਰਮ ਰੱਖਣ ਦੀ ਕੋਸ਼ਿਸ਼ ਕਰੋ ਅਤੇ ਗਰਮੀਆਂ ਵਿੱਚ ਉਨ੍ਹਾਂ ਨੂੰ ਹੀਟ ਸਟਰੈਸ ਤੋਂ ਬਚਾਉਣ ਦਾ ਪ੍ਰਬੰਧ ਕਰੋ ।

★ ਇਕ ਫਾਰਮ ਦੇ ਸੰਦ ਦੂਜੇ ਫਾਰਮ ਵਿੱਚ ਨਾ ਵਰਤੋ ਅਤੇ ਫਾਰਮ ਵਿੱਚ ਜੀਵ ਸੁਰੱਖਿਆ ਪ੍ਰਣਾਲੀ ਅਪਣਾਉ । ਫਾਰਮ ਦੇ ਪ੍ਰਵੇਸ਼ 'ਤੇ ਕਲੀ ਦਾ ਛਿੜਕਾਅ ਕਰੋ ਅਤੇ ਲੋੜ ਤੋਂ ਬਿਨਾਂ ਕਿਸੇ ਨੂੰ ਵੀ ਫਾਰਮ ਦੇ ਅੰਦਰ ਨਾ ਜਾਣ ਦਿਉ ।

★ ਡੇਅਰੀ ਫਾਰਮ 'ਤੇ ਹਰ ਪਸ਼ੂ ਦਾ ਰਜਿਸਟਰ ਅਤੇ ਰਿਕਾਰਡ ਬਣਾ ਕੇ ਰੱਖੋ; ਜਿਸ ਵਿੱਚ ਦੁੱਧ ਦਾ ਉਤਪਾਦਨ, ਮਲੱਪ ਰਹਿਤ ਅਤੇ ਟੀਕਾਕਰਨ ਕੀਤੇ ਜਾਣ ਦਾ ਸਮਾਂ, ਗੱਭਣ ਕਰਵਾਉਣ ਦਾ ਸਮਾਂ ਆਦਿ ਸ਼ਾਮਲ ਹੋਣ ।

★ ਪੂਰਬ ਤੋਂ ਪੱਛਮ ਵੱਲ ਸ਼ੈੱਡ ਦੀ ਦਿਸ਼ਾ ਉੱਤਰ ਤੋਂ ਦੱਖਣ ਨਾਲੋਂ ਵਧੇਰੇ ਲਾਭਕਾਰੀ ਸਾਬਤ ਹੁੰਦੀ ਹੈ । ਇਸ ਨਾਲ ਇਕ ਵਧੇਰੇ ਠੰਢਾ ਵਾਤਾਵਰਣ ਪ੍ਰਦਾਨ ਹੁੰਦਾ ਹੈ ।

★ ਪਸ਼ੂਆਂ ਨੂੰ ਕੱਚੀ ਸਤਹ 'ਤੇ ਰੱਖੋ ਜਾਂ ਪੱਕੀ ਸਤਹ 'ਤੇ ਮੈਟ ਦਾ ਇਸਤੇਮਾਲ ਕਰੋ ਤਾਂ ਜੋ ਪਸ਼ੂਆਂ ਨੂੰ ਖੁਰਾਂ ਦੀਆਂ ਬੀਮਾਰੀਆਂ ਤੋਂ ਬਚਾਇਆ ਜਾ ਸਕੇ ।

★ ਵਧੇਰੇ ਖੁਰਾਂ ਨੂੰ ਸਮੇਂ ਸਮੇਂ 'ਤੇ ਕੱਟਦੇ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਜਾਂਚ ਕਰਦੇ ਰਹਿਣਾ ਚਾਹੀਦਾ ਹੈ ।

★ ਪਿਸ਼ਾਬ ਅਤੇ ਗੋਹੇ ਦੇ ਨਿਕਾਸ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ।

★ ਫਾਰਮ 'ਚ ਸਮੇਂ-ਸਮੇਂ 'ਤੇ ਕੀਟਨਾਸ਼ਕ ਦਵਾਈ ਦਾ ਛਿੜਕਾਅ ਕਰੋ ਤਾਂ ਜੋ ਮੱਖੀਆਂ ਤੋਂ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਇਆ ਜਾ ਸਕੇ ।

**ਡਾ. ਕੰਵਰਪਾਲ ਸਿੰਘ ਢਿੱਲੋਂ, ਮੋ. 99156-78787**

# ਆਓ ਦੁੱਧ ਦੀ ਬਣਤਰ ਬਾਰੇ ਜਾਣੀਏ

**ਦੁੱਧ ਵਿਚ ਫੈਟ, ਪ੍ਰੋਟੀਨ, ਖੰਡ, ਵਿਟਾਮਿਨ ਅਤੇ ਪਾਣੀ ਮੌਜੂਦ ਹੁੰਦੇ ਹਨ ਅਤੇ ਇਹ ਤੱਤ ਵੱਖ ਵੱਖ ਕਿਸਮਾਂ ਦੇ ਪਸ਼ੂਆਂ ਦੇ ਦੁੱਧ ਅੰਦਰ ਵੱਖ-ਵੱਖ ਪਾਏ ਜਾਂਦੇ ਹਨ । ਦੁੱਧ ਦੀ ਬਣਤਰ, ਪਸ਼ੂਆਂ ਦੀ ਖੁਰਾਕ, ਪਸ਼ੂਆਂ ਦੀ ਉਮਰ, ਮੌਸਮ, ਸੂਏ ਦੇ ਸਮੇਂ ਅਨੁਸਾਰ ਬਦਲਦੀ ਰਹਿੰਦੀ ਹੈ ।**

**ਫੈਟ ਜਾਂ ਘਿਓ** : ਜੇਕਰ 100 ਕਿਲੋ ਮਾਝਾ ਦੁੱਧ ਲਿਆ ਜਾਵੇ ਤਾਂ ਉਸ ਵਿਚ ਔਸਤਨ 6.25 (ਸਵਾ ਛੇ) ਕਿਲੋ ਘਿਓ ਹੁੰਦਾ ਹੈ । ਜੇਕਰ ਦੇਸੀ ਗਾਵਾਂ ਦਾ 10 ਕਿਲੋ ਦੁੱਧ ਲਿਆ ਜਾਵੇ ਤਾਂ ਉਸ ਵਿੱਚ 4-4.5 ਕਿਲੋ ਘਿਓ ਹੁੰਦਾ ਹੈ ਅਤੇ ਜੇਕਰ ਵਿਦੇਸ਼ੀ ਗਾਵਾਂ ਦਾ ਦੁੱਧ 100 ਕਿਲੋ ਲਿਆ ਜਾਵੇ ਤਾਂ ਉਸ ਵਿਚ 3 ਕਿਲੋ ਤੋਂ 3.5 ਕਿਲੋ ਘਿਓ ਨਿਕਲਦਾ ਹੈ ।

**1. ਸਾਡੇ ਸਰੀਰ ਨੂੰ ਘਿਓ ਦੇ ਲਾਭ** : ਘਿਓ ਸਾਡੇ ਸਰੀਰ ਨੂੰ ਐਨਰਜੀ ਦੇ ਰੂਪ ਵਿਚ ਤਾਕਤ ਦਿੰਦਾ ਹੈ । ਜੇਕਰ ਅਸੀਂ ਇਕ ਗਰਾਮ ਘਿਓ ਖਾਈਏ ਤਾਂ ਸਾਡੇ ਸਰੀਰ ਨੂੰ 9 ਕੈਲੋਰੀਜ਼ ਗਰਮੀ ਮਿਲਦੀ ਹੈ ।

2. ਦੁਨੀਆਂ ਵਿਚ ਹਰ ਮਸ਼ੀਨਰੀ



ਨੂੰ ਸਹੀ ਜਾਂ ਰਵੀਂ ਚਲਾਉਣ ਲਈ ਕਿਸੇ ਨਾ ਕਿਸੇ ਪ੍ਰਕਾਰ ਦੇ ਤੇਲ ਦੀ ਜ਼ਰੂਰਤ ਪੈਂਦੀ ਹੈ । ਜਿਵੇਂ ਕਿ ਜਦੋਂ ਅਸੀਂ ਕੋਈ ਮਸ਼ੀਨਰੀ ਖਰੀਦੀਏ ਤਾਂ ਉਸ ਨੂੰ ਖਾਸ ਕਿਸਮ ਦਾ ਖਾਸ ਨੰਬਰ ਦਾ ਤੇਲ ਦੇਣ ਦੀ ਸਿਫਾਰਸ਼ ਕੀਤੀ ਹੁੰਦੀ ਹੈ । ਇਸ ਤਰ੍ਹਾਂ ਇਨਸਾਨੀ ਸਰੀਰ ਦੀ ਮਸ਼ੀਨਰੀ ਨੂੰ ਠੀਕ ਢੰਗ ਚਲਾਉਣ ਲਈ (ਅੰਤੜੀਆਂ ਵਗੈਰਾ ਨੂੰ ਸਾਫ ਰੱਖਣ ਲਈ) ਦੇਸੀ ਘਿਓ ਸਭ ਤੋਂ ਉੱਤਮ ਹੈ ।

3. ਜਦੋਂ ਖਾਧੇ ਗਏ ਘਿਓ ਦੀ ਤਹਿ ਸਰੀਰ ਦੇ ਸੂਖਮ ਹਿੱਸਿਆਂ ਤੇ ਚੜ੍ਹ ਜਾਂਦੀ ਹੈ ਤਾਂ ਇਹ ਚਰਬੀ ਉਨ੍ਹਾਂ ਸੂਖਮ ਹਿੱਸਿਆਂ ਦੀ ਰੱਖਿਆ ਕਰਦੀ ਹੈ ।

4. ਇਹ ਸਾਡੇ ਸਰੀਰ ਦੇ ਹੱਡੀਆਂ ਦੇ ਢਾਂਚੇ ਉੱਤੇ ਵੱਖ-ਵੱਖ ਆਕਾਰ ਨਾਲ ਚੜ੍ਹ ਕੇ ਸਾਨੂੰ ਹਰ ਇੱਕ ਨੂੰ ਵੱਖਰੀ ਸ਼ਕਲ ਦਿੰਦੀ ਹੈ ।

ਕਈ ਵਾਰ ਹਾਈ ਬਲਡ ਪ੍ਰੈਸ਼ਰ ਨਾਲ ਦਿਲ ਦੀ ਬਿਮਾਰੀ ਹੋ ਜਾਣ ਦੀ ਸੰਭਾਵਨਾ ਹੁੰਦੀ ਹੈ । ਇਸ ਲਈ ਜਿਉਂ-ਜਿਉਂ ਸਾਡੀ ਉਮਰ ਵਧਦੀ ਜਾਵੇਗੀ ਤਾਂ ਘਿਓ ਦੀ ਵਰਤੋਂ ਘੱਟ ਕਰ ਦੇਣੀ ਚਾਹੀਦੀ ਹੈ ਜਾਂ ਦੂਜੇ ਸ਼ਬਦਾਂ ਵਿੱਚ ਜਿਉਂ ਜਿਉਂ ਵਧਦੀ ਜਾਵੇ ਤਾਂ ਗੋਕਾ ਦੁੱਧ ਮਾਝੇ ਦੁੱਧ ਨਾਲੋਂ ਜ਼ਿਆਦਾ ਲਾਭਦਾਇਕ ਹੋ ਸਕਦਾ ਹੈ ।

**ਪ੍ਰੋਟੀਨ** :

★ ਆਮ ਤੌਰ ਤੇ ਗੋਕੇ ਜਾਂ ਮਾਝੇ 100 ਕਿਲੋ ਦੁੱਧ ਵਿਚ 3.5 ਕਿਲੋ ਤੋਂ 4 ਕਿਲੋ ਪ੍ਰੋਟੀਨ ਹੁੰਦੀ ਹੈ । ਪ੍ਰੋਟੀਨ ਦਾ ਕੰਮ ਸਰੀਰ ਦੇ ਤੰਤੂਆਂ (ਟਿਸ਼ੂਆਂ) ਨੂੰ ਨਵੇਂ ਸਿਰਿਓਂ ਬਨਾਉਣਾ ਹੈ, ਜਿਸ ਨਾਲ ਸਰੀਰ ਵੱਧਦਾ ਫੁੱਲਦਾ ਹੈ । ਦੂਜਾ ਰੋਜ਼ ਕੰਮ ਕਰਨ ਨਾਲ ਕੁੱਝ ਟਿਸ਼ੂ ਟੁੱਟ ਜਾਂਦੇ ਹਨ । ਇਸਨੂੰ ਆਮ ਬੋਲੀ ਵਿਚ ਥਕਾਵਟ ਹੋਣਾ ਵੀ ਕਹਿ ਸਕਦੇ ਹਾਂ । ਪ੍ਰੋਟੀਨ ਦਾ ਕੰਮ ਇਹਨਾਂ ਟੁੱਟੇ ਭੱਜੇ ਟਿਸ਼ੂਆਂ ਦੀ ਮੁਰੰਮਤ ਕਰਕੇ ਇਹਨਾਂ ਨੂੰ ਤਾਜ਼ਾ ਦਮ ਕਰਨਾ ਹੈ । ਜਿਸ ਨਾਲ ਸਰੀਰ ਦੀ ਥਕਾਵਟ ਦੂਰ ਹੋ ਜਾਂਦੀ ਹੈ ।

★ ਇਕ ਗ੍ਰਾਮ ਪ੍ਰੋਟੀਨ ਖਾਣ ਨਾਲ ਸਾਡੇ ਸਰੀਰ ਦੀ ਗਰਮੀ ਦੀ ਸ਼ਕਲ ਵਿਚ 4.5 ਕੈਲੋਰੀਜ਼ ਤਾਕਤ ਮਿਲਦੀ ਹੈ ।

★ ਇਹਨਾਂ ਦੇ ਅਸਰ ਅਧੀਨ ਕਈ ਗਲੈਂਡਜ਼ ਠੀਕ ਕੰਮ ਕਰਦੇ ਹਨ,



ਹਾਰਮੋਨਜ਼ ਠੀਕ ਮਾਤਰਾ ਵਿਚ ਬਣਦੇ ਹਨ ਅਤੇ ਸਰੀਰਕ ਕਿਰਿਆਵਾਂ ਠੀਕ ਚਲਦੀਆਂ ਹਨ ।

**ਵਿਟਾਮਿਨਜ਼** : ਦੁੱਧ ਵਿਚ ਹਰ ਤਰ੍ਹਾਂ ਦੇ ਜ਼ਰੂਰੀ ਵਿਟਾਮਿਨਜ਼ ਹੁੰਦੇ ਹਨ ਜਿਹੜੇ ਇਨਸਾਨੀ ਸਰੀਰ ਨੂੰ ਬੜੇ ਚੰਗੇ ਢੰਗ ਨਾਲ ਫਾਇਦਾ ਪਹੁੰਚਾਉਂਦੇ ਹਨ । ਇਥੇ ਇਹ ਗੱਲ ਦੱਸਣੀ ਵੀ ਜ਼ਰੂਰੀ ਹੈ ਕਿ ਜਿੰਨਾ ਦੁੱਧ ਨੂੰ ਅਸੀਂ ਜ਼ਿਆਦਾ ਗਰਮ ਕਰਾਂਗੇ ਉਨ੍ਹਾਂ ਉਸ ਵਿਚ ਵਿਟਾਮਿਨ ਨਸ਼ਟ ਹੁੰਦੇ ਜਾਣਗੇ । ਇਸ ਨਾਲ ਕਾੜ੍ਹਨੀ ਦਾ ਦੁੱਧ ਵਿਟਾਮਿਨਜ਼ ਪੱਖੋਂ ਸਭ ਤੋਂ ਮਾੜਾ ਹੁੰਦਾ ਹੈ ।

**ਵਿਟਾਮਿਨ-ਏ** : ਇਹ ਦੁੱਧ ਵਿਚ ਪ੍ਰੋਟੀਨ ਦੇ ਰੂਪ ਵਿਚ ਮਿਲਦਾ ਹੈ । ਜਿਸ ਵਿਚ ਪੀਲੇ ਰੰਗ ਦੇ ਪਿਗਮੈਂਟ ਜਾਂ ਕਣ ਹੁੰਦੇ, ਸੋ ਇਸ ਤੋਂ ਸਿੱਧ ਹੁੰਦਾ ਹੈ ਕਿ ਗੋਕੇ ਦੁੱਧ ਵਿਚ ਮਾਝੇ ਦੁੱਧ ਨਾਲੋਂ ਵਿਟਾਮਿਨ-ਏ ਜ਼ਿਆਦਾ ਹੁੰਦਾ ਹੈ । ਇਸ ਵਿਟਾਮਿਨ ਦਾ ਸੰਬੰਧ ਸਾਡੀਆਂ ਅੱਖਾਂ ਜਾਂ ਚਮੜੀ ਦੇ ਰੋਗਾਂ ਨਾਲ ਹੁੰਦਾ ਹੈ । ਇਸ ਦੀ ਘਾਟ ਨਾਲ ਆਮ ਤੌਰ 'ਤੇ ਚਮੜੀ ਦਾ ਖੁਰਦਰਾ ਹੋਣਾ ਜਾਂ ਚਮੜੀ ਤੇ ਸਿਆਹੀਆਂ ਪੈ ਜਾਣਾ ਆਦਿ ਬਿਮਾਰੀਆਂ ਲੱਗ ਜਾਂਦੀਆਂ ਹਨ ।

**ਮਿਨਰਲਜ਼ ਜਾਂ ਧਾਤਾਂ** : ਜੇਕਰ ਅਸੀਂ ਹੱਡੀਆਂ ਜਾਂ ਦੰਦਾਂ ਦੀ ਬਰੀਕੀ ਨਾਲ ਛਾਣਬੀਨ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਵੱਖ-ਵੱਖ ਧਾਤਾਂ ਦੇ ਬਣੇ ਹੁੰਦੇ ਹਨ । ਦੁੱਧ ਦੇ ਵਿਚ ਇਹ ਸਾਰੀਆਂ ਜ਼ਰੂਰੀ ਧਾਤਾਂ ਹੁੰਦੀਆਂ ਹਨ ਅਤੇ ਬੜੇ ਚੰਗੇ ਅਨੁਪਾਤ ਵਿਚ ਹੁੰਦੀਆਂ ਹਨ, ਤਾਂ ਜੋ ਸਰੀਰ ਇਨ੍ਹਾਂ ਦੀ ਵਰਤੋਂ ਬੜੇ ਚੰਗੇ ਢੰਗ ਨਾਲ ਕਰ ਸਕਦਾ ਹੈ ਅਤੇ ਹੱਡੀਆਂ ਅਤੇ ਦੰਦਾਂ ਦੀ ਬਨਾਵਟ ਨਾਰਮਲ ਹੁੰਦੀ ਹੈ ।

**ਯੀਸਟ ਐਂਜਾਈਮਸ** : ਇਹਨਾਂ ਦਾ ਭਾਵੇਂ ਆਪਣਾ ਸਿੱਧਾ ਕੋਈ ਖਾਸ ਕੰਮ ਨਹੀਂ ਹੈ । ਲੇਕਿਨ ਇਹ ਬਾਕੀ ਦੀ ਖਾਧੀ ਖੁਰਾਕ ਨੂੰ ਹਜ਼ਮ ਕਰਨ ਵਿਚ ਬੜੇ ਸਹਾਈ ਹੁੰਦੇ ਹਨ । ਭਾਰਤ ਵਿਚ ਇਹ ਦਹੀਂ ਵਿਚ ਅਤੇ ਬਾਹਰਲੇ ਦੇਸ਼ਾਂ ਵਿਚ ਯੋਗਹਾਰਟ ਵਿਚ ਬਹੁਤ ਜ਼ਿਆਦਾ ਹੁੰਦੇ ਹਨ ।

| ਲ.ਨੰ. | ਤੱਤ | ਮੱਝ | ਗਾਂ | ਬੱਕਰੀ | ਮਨੁੱਖੀ |
|---|---|---|---|---|---|
| 1. | ਪ੍ਰੋਟੀਨ % | 4.2 | 3.3 | 3.7 | 1.2 |
| 2 | ਫੈਟ % | 7.0 | 4.1 | 4.0 | 3.8 |
| 3. | ਖੰਡ % | 5.0 | 4.5 | 4.6 | 7.6 |
| 4. | ਧਾਤਾਂ % | 0.82 | 0.72 | 0.85 | 0.21 |
| 5. | ਪਾਣੀ % | 82.98 | 87.38 | 86.5 | 87.79 |

**ਮਧੂ ਸ਼ੈਲੀ, ਡਾਇਰੈਟੋਰੇਟ ਪਸਾਰ ਸਿੱਖਿਆ** (ਮੋ. 96434-42427)



# ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ


**ਸੰਯੋਜਕ** : ਅਮਰਜੀਤ ਸਿੰਘ **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।

**ਝੋਨਾ :**

1. ਪੰਜਾਬ ਬਾਸਮਤੀ-7, ਪੰਜਾਬ ਬਾਸਮਤੀ-5, ਪੂਸਾ ਬਾਸਮਤੀ-1637, ਪੂਸਾ ਬਾਸਮਤੀ-1718 ਅਤੇ ਪੂਸਾ-1121 ਕਿਸਮ ਦੀ ਲੁਆਈ ਜੁਲਾਈ ਦੇ ਪਹਿਲੇ ਪੰਦਰਵਾੜੇ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ । ਸੀ ਐਸ ਆਰ-30, ਪੂਸਾ ਬਾਸਮਤੀ-1509 ਕਿਸਮ ਦੀ ਪਨੀਰੀ ਪੁੱਟ ਕੇ ਖੇਤ ਵਿੱਚ ਲੁਆਈ ਜੁਲਾਈ ਦੇ ਦੂਸਰੇ ਪੰਦਰਵਾੜੇ ਕਰੋ । ਬਾਸਮਤੀ ਨੂੰ ਝੰਡਾ ਰੋਗ (ਪੈਰ ਗਲਣ) ਤੋਂ ਬਚਾਉਣ ਲਈ ਬਿਜਾਈ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 ਡਬਲਯੂ ਐਸ ਨੂੰ 10 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ ਜਾਂ ਟਰਾਈਕੋਡਰਮਾ ਐਸਪੈਰੇਲਮ 2% ਡਬਲਯੂ ਪੀ. ਪੀ. ਏ. ਯੂ., ਸਟ੍ਰੇਨ ਫਾਰਮੂਲੇਸ਼ਨ ਨਾਲ 15 ਗ੍ਰਾਮ ਪ੍ਰਤੀ ਕਿਲੋ ਦੇ ਹਿਸਾਬ ਸੋਧੋ ਅਤੇ ਫਿਰ ਪਨੀਰੀ ਨੂੰ ਖੇਤ ਵਿੱਚ ਲਗਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ ਟਰਾਈਕੋਡਰਮਾ ਐਸਪੈਰੇਲਮ 2% ਡਬਲਯੂ ਪੀ. ਪੀ. ਏ. ਯੂ., ਸਟ੍ਰੇਨ ਫਾਰਮੂਲੇਸ਼ਨ (15 ਗ੍ਰਾਮ ਪ੍ਰਤੀ ਲੀਟਰ ਪਾਣੀ) ਦੇ ਘੋਲ ਵਿੱਚ 6 ਘੰਟੇ ਲਈ ਡੋਬ ਕੇ ਸੋਧ ਲਵੋ । 9 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੀ ਅੱਧੀ ਕਿਸ਼ਤ ਪਨੀਰੀ ਲਗਾਉਣ ਦੇ ਤਿੰਨ ਹਫਤੇ ਬਾਅਦ ਸੀ. ਐਸ. ਆਰ.-30 ਨੂੰ ਪਾਉ ਅਤੇ 18 ਕਿਲੋ ਯੂਰੀਆ ਦੀ ਪਹਿਲੀ ਕਿਸ਼ਤ ਪੂਸਾ ਬਾਸਮਤੀ-1121, ਪੰਜਾਬ ਬਾਸਮਤੀ-7, ਬਾਸਮਤੀ ਬਾਸਮਤੀ-5, ਪੂਸਾ ਬਾਸਮਤੀ-1637 ਅਤੇ ਪੂਸਾ ਬਾਸਮਤੀ-1718 ਨੂੰ ਅਤੇ 27 ਕਿਲੋ ਯੂਰੀਆ ਪੂਸਾ ਬਾਸਮਤੀ-1509 ਨੂੰ ਪਾਉ । ਜੇਕਰ ਪਹਿਲਾਂ ਸਿਫਾਰਿਸ਼ ਕੀਤੀ ਫਾਸਫੋਰਸ ਖਾਦ ਕਣਕ ਨੂੰ ਪਾਈ ਗਈ ਹੋਵੇ, ਤਾਂ ਬਾਸਮਤੀ ਨੂੰ ਇਸ ਖਾਦ ਦੀ ਲੋੜ ਨਹੀਂ ।

2. ਨਦੀਨਾਂ ਦੀ ਰੋਕਥਾਮ ਲਈ 60 ਗ੍ਰਾਮ ਪਾਇਰੈਜੋਸਲਫੂਰੋਨ ਈਥਾਈਲ 10 ਤਾਕਤ ਜਾਂ 1200 ਮਿਲੀਲੀਟਰ ਬੂਟਾਕਲੋਰ 50 ਤਾਕਤ ਜਾਂ 1000-1200 ਮਿਲੀਲੀਟਰ ਪੈਂਡੀਮੈਥਾਲੀਨ 30 ਤਾਕਤ ਜਾਂ 600 ਮਿਲੀਲੀਟਰ ਪਰੈਟੀਲਾਕਲੋਰ 50 ਤਾਕਤ ਜਾਂ 750 ਮਿਲੀਲੀਟਰ ਪਰੈਟੀਲਾਕਲੋਰ 37 ਤਾਕਤ ਜਾਂ 500 ਮਿਲੀਲੀਟਰ ਐਨੀਲੋਫੋਸ 30 ਤਾਕਤ ਜਾਂ 45 ਗ੍ਰਾਮ ਟੌਪਸਟਾਰ ਪ੍ਰਤੀ ਏਕੜ ਦੇ ਹਿਸਾਬ ਨਾਲ 60 ਕਿਲੋ ਰੇਤ ਵਿੱਚ ਮਿਲਾ ਕੇ ਪਾਓ । ਖੇਤ ਵਿੱਚ ਝੋਨੇ ਦੀ ਪਨੀਰੀ ਲਾਉਣ ਦੇ 2-3 ਦਿਨਾਂ ਕੇ ਅੰਦਰ 4 ਤੋਂ 5 ਸੈਂਟੀਮੀਟਰ ਖੜ੍ਹੇ ਪਾਣੀ ਵਿੱਚ ਇਕਸਾਰ ਨਦੀਨਨਾਸ਼ਕ ਦੀ ਵਰਤੋਂ ਕਰੋ । ਚੌੜੇ ਪੱਤਿਆਂ ਦੇ ਨਦੀਨਾਂ ਦੀ ਰੋਕਥਾਮ ਲਈ ਐਲਗਰਿਪ (ਮੈਟਸਲਫੂਰਾਨ) 30 ਗ੍ਰਾਮ ਜਾਂ ਸਨਰਾਈਸ 15 ਤਾਕਤ 50 ਗ੍ਰਾਮ ਜਾਂ ਲੋਡੈਕਸ 60 ਤਾਕਤ 40 ਗ੍ਰਾਮ ਜਾਂ ਸੈਗਮੈਂਟ 16 ਗ੍ਰਾਮ ਜਾਂ 8 ਗ੍ਰਾਮ ਐਲਮਿਕਸ ਪ੍ਰਤੀ ਏਕੜ ਨੂੰ 150 ਲੀਟਰ ਪਾਣੀ ਵਿੱਚ ਪਾ ਕੇ ਲੁਆਈ ਦੇ 20-25 ਦਿਨਾਂ ਬਾਅਦ ਛਿੜਕਾਅ ਕਰੋ । ਸੁਆਂਕ ਅਤੇ ਮੋਥੇ ਦੀ ਅਸਰਦਾਰ ਰੋਕਥਾਮ ਲਈ 100 ਮਿਲੀਲੀਟਰ ਪ੍ਰਤੀ ਏਕੜ ਨੋਮਿਨੀਗੋਲਡ 10 ਐਸ ਸੀ (ਬਿਸਪਾਇਰੀਬੈਕ) ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਲੁਆਈ ਤੋਂ 20-25 ਦਿਨਾਂ ਬਾਅਦ ਛਿੜਕਾਅ ਕਰੋ । ਜਿਹਨਾਂ ਖੇਤਾਂ ਵਿੱਚ ਚੀਨੀ ਲੈਪਟੋਕਲੋਆ ਘਾਹ ਅਤੇ ਕਣਕੀ ਦੀ ਸਮੱਸਿਆ ਹੋਵੇ, ਉੱਥੇ 400 ਮਿਲੀਲੀਟਰ ਪ੍ਰਤੀ ਏਕੜ ਰਾਈਸਸਟਾਰ 6.7 ਈ ਸੀ (ਫਿਨੋਕਸਾਪ੍ਰੋਪ) ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਝੋਨੇ ਦੀ ਲੁਆਈ ਤੋਂ 20-25 ਦਿਨਾਂ 'ਤੇ ਛਿੜਕਾਅ ਕਰੋ । ਛਿੜਕਾਅ ਤੋਂ ਪਹਿਲਾਂ ਖੇਤ ਵਿੱਚੋਂ ਖੜ੍ਹਾ ਪਾਣੀ ਬਾਹਰ ਕੱਢ ਦਿਉ ਅਤੇ ਛਿੜਕਾਅ ਦੇ ਇੱਕ ਦਿਨ ਬਾਅਦ ਪਾਣੀ ਦਿਉ । ਛਿੜਕਾਅ ਸ਼ਾਂਤ ਅਤੇ ਸਾਫ਼ ਦਿਨ ਕਰਨਾ ਚਾਹੀਦਾ ਹੈ । ਝੋਨੇ ਨੂੰ 30-30 ਕਿਲੋ ਯੂਰੀਆ ਦੀ ਦੂਜੀ ਅਤੇ ਤੀਜੀ ਕਿਸ਼ਤ ਲੁਆਈ ਤੋਂ 3 ਅਤੇ 6 ਹਫਤੇ ਬਾਅਦ ਪਾਉ । ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ. ਆਰ.-126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਉ ।

3. ਪੀ. ਏ. ਯੂ, ਪੱਤਾ ਚਾਰਟ ਵਿਧੀ ਨਾਲ ਯੂਰੀਆ ਪਾਉਣ ਲਈ ਲੁਆਈ ਤੋਂ ਦੋ ਹਫਤਿਆਂ ਬਾਅਦ ਪੂਰੇ ਖੁੱਲੇ ਨਵੇਂ 10 ਪੱਤਿਆਂ ਦਾ ਰੰਗ ਚਾਰਟ ਨਾਲ ਮਿਲਾਓ । ਜੇਕਰ 6 ਜਾਂ 6 ਤੋਂ ਵੱਧ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰ. 4 ਦੇ ਬਰਾਬਰ ਹੈ ਜਾਂ ਗੂੜਾ ਹੈ ਤਾਂ ਯੂਰੀਆ ਪਾਉਣ ਦੀ ਲੋੜ ਨਹੀਂ । ਜੇਕਰ 6 ਜਾਂ ਵੱਧ ਪੱਤਿਆਂ ਦਾ ਰੰਗ 4 ਨੰ. ਟਿੱਕੀ ਤੋਂ ਫਿੱਕਾ ਹੈ ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ । ਝੋਨਾ ਨਿਸਰਨ ਤੱਕ 7-10 ਦਿਨਾਂ ਦੇ ਵਕਫੇ 'ਤੇ ਪੱਤਾ ਰੰਗ ਚਾਰਟ ਨਾਲ ਝੋਨੇ ਦੇ ਪੱਤਿਆਂ ਦਾ ਰੰਗ ਮਿਲਾਉ ਅਤੇ ਲੋੜ ਪੈਣ 'ਤੇ ਹੀ ਯੂਰੀਆ ਪਾਉ । ਬਿਨਾਂ ਕੱਦੂ ਕੀਤੇ ਝੋਨੇ ਦੀ ਸਿੱਧੀ ਬਿਜਾਈ ਵਿੱਚ 43 ਕਿਲੋ ਯੂਰੀਆ ਪ੍ਰਤੀ ਏਕੜ ਕ੍ਰਮਵਾਰ 4, 6 ਅਤੇ 9 ਹਫਤਿਆਂ 'ਤੇ ਪਾਉ । ਰੇਤਲੀਆਂ ਜ਼ਮੀਨਾਂ ਵਿੱਚ ਪਾਣੀ ਦੀ ਘਾਟ ਹੋਣ ਕਰਕੇ ਝੋਨੇ ਵਿੱਚ ਲੋਹੇ ਦੀ ਘਾਟ



ਆ ਜਾਂਦੀ ਹੈ, ਜਿਸ ਕਰਕੇ ਨਵੇਂ ਪੱਤੇ ਪੀਲੇ ਚਿੱਟੇ ਰੰਗ ਦੇ ਹੋ ਜਾਂਦੇ ਹਨ । ਇਸ ਦੀ ਰੋਕਥਾਮ ਲਈ ਇੱਕ ਪ੍ਰਤੀਸ਼ਤ ਫੈਰਸ ਸਲਫੇਟ (1 ਕਿਲੋ 100 ਲੀਟਰ ਪਾਣੀ) 2-3 ਵਾਰ ਹਫਤੇ-ਹਫਤੇ ਦੇ ਵਕਫੇ 'ਤੇ ਛਿੜਕੋ । ਫੈਰਸ ਸਲਫੇਟ ਨੂੰ ਖੇਤ ਵਿੱਚ ਛਿੱਟਾ ਦੇਣ ਦਾ ਕੋਈ ਫਾਇਦਾ ਨਹੀਂ, ਲੋਹੇ ਦੀ ਘਾਟ ਆਉਣ 'ਤੇ ਸਿਰਫ ਛਿੜਕਾਅ ਹੀ ਕਰੋ ।

4. ਜੇਕਰ ਝੋਨੇ ਦੇ ਖੇਤਾਂ ਵਿੱਚ ਤਣੇ ਦੇ ਗੜੂੰਏ ਕਾਰਨ 5 ਪ੍ਰਤੀਸ਼ਤ ਤੋਂ ਜ਼ਿਆਦਾ ਗੋਭਾਂ ਸੁੱਕੀਆਂ ਹੋਣ ਤਾਂ ਇਨ੍ਹਾਂ ਦੀ ਰੋਕਥਾਮ ਲਈ 20 ਮਿਲੀਲੀਟਰ ਫੇਮ 480 ਐਸ ਸੀ ਜਾਂ 50 ਗ੍ਰਾਮ ਟਾਕੂਮੀ 20 ਡਬਲਯੂ ਜੀ ਜਾਂ 60 ਮਿਲੀਲੀਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 170 ਗ੍ਰਾਮ ਮੋਰਟਰ 75 ਐਸ ਜੀ ਜਾਂ ਇੱਕ ਲੀਟਰ ਕਲੋਰੋਪਾਈਰੀਫਾਸ 20 ਈ. ਸੀ. ਜਾਂ 80 ਮਿਲੀਲੀਟਰ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100 ਲੀਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਵਰਤੋ । ਇਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਉ । ਪੱਤਾ ਲਪੇਟ ਸੁੰਡੀ ਦੇ ਹਮਲੇ ਕਾਰਨ ਬੂਟੇ ਦੇ ਪੱਤਿਆਂ 'ਤੇ ਚਿੱਟੀਆਂ ਧਾਰੀਆਂ ਪੈ ਜਾਂਦੀਆਂ ਹਨ । ਜੇਕਰ 10% ਤੋਂ ਵਧੇਰੇ ਹਮਲਾ ਨਜ਼ਰ ਆਵੇ ਤਾਂ ਉਪਰ ਦੱਸੇ ਕੀਟਨਾਸ਼ਕਾਂ ਨੂੰ 100 ਲੀਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਵਰਤੋ । ਅਗੇਤੀ ਬੀਜੀ ਗਈ ਫਸਲ 'ਤੇ ਝੁਲਸ ਰੋਗ ਹੋ ਸਕਦਾ ਹੈ । ਜੇਕਰ ਇਸ ਦਾ ਹਮਲਾ ਹੋ ਜਾਵੇ ਤਾਂ ਸਾਰਾ ਬੂਟਾ ਮਰ ਸਕਦਾ ਹੈ । ਇਸ ਦੀ ਰੋਕਥਾਮ ਲਈ ਨਾਈਟ੍ਰੋਜਨ ਦੀ ਜ਼ਿਆਦਾ ਵਰਤੋਂ ਨਾ ਕਰੋ ਅਤੇ ਜ਼ਿਆਦਾ ਪਾਣੀ ਵੀ ਨਾ ਦਿਉ ।

**ਮੱਕੀ**

ਮੱਕੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨਾਂ ਦੇ ਅੰਦਰ-ਅੰਦਰ ਹਲਕੀਆਂ ਜ਼ਮੀਨਾਂ ਵਿੱਚ ਐਟਰਾਜ਼ੀਨ 50 ਤਾਕਤ 500 ਗ੍ਰਾਮ ਪ੍ਰਤੀ ਏਕੜ ਅਤੇ ਭਾਰੀਆਂ ਜ਼ਮੀਨਾਂ ਵਿੱਚ 800 ਗ੍ਰਾਮ ਪ੍ਰਤੀ ਏਕੜ ਨੂੰ 200 ਲੀਟਰ ਪਾਣੀ ਨਾਲ ਛਿੜਕਾਅ ਕਰੋ ਜਾਂ ਇਹੀ ਨਦੀਨਨਾਸ਼ਕ 250 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਫਸਲ ਦੀਆਂ ਕਤਾਰਾਂ ਤੇ 20 ਸੈਂਟੀਮੀਟਰ ਚੌੜੀ ਪੱਟੀ ਵਿੱਚ ਛਿੜਕਾਅ ਕਰੋ ਅਤੇ ਕਤਾਰਾਂ ਵਿੱਚ ਬਾਕੀ ਰਹਿੰਦੀ ਜਗ੍ਹਾ ਦੀ 15-30 ਦਿਨਾਂ ਬਾਅਦ ਗੋਡੀ ਕਰ ਦਿਉ । ਬਿਜਾਈ ਤੋਂ 20 ਦਿਨਾਂ ਬਾਅਦ 105 ਮਿਲੀਲੀਟਰ ਪ੍ਰਤੀ ਏਕੜ ਲੌਡਿਸ 420 ਐਸ ਸੀ (ਟੈਂਬੋਟਰਾਇਨ) ਦਾ ਛਿੜਕਾਅ 150 ਲੀਟਰ ਪਾਣੀ ਵਿੱਚ ਘੋਲ ਕੇ ਕਰੋ । ਡੀਲੇ/ਮੋਥੇ ਦੀ ਰੋਕਥਾਮ ਲਈ 400 ਮਿਲੀਲੀਟਰ ਪ੍ਰਤੀ ਏਕੜ 2,4-ਡੀ ਅਮਾਈਨ ਸਾਲਟ 58 ਐਸ ਐਲ ਬਿਜਾਈ ਤੋਂ 20-25 ਦਿਨਾਂ ਬਾਅਦ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਬਾਰਿਸ਼ ਦਾ ਪਾਣੀ ਖੇਤ ਵਿੱਚ ਨਾ ਖੜ੍ਹਾ ਹੋਣ ਦਿਉ, ਕਿਉਕਿ ਇਹ ਫਸਲ ਜ਼ਿਆਦਾ ਪਾਣੀ ਨਹੀਂ ਸਹਾਰ ਸਕਦੀ । ਇਸ ਨਾਲ ਤਣਾ ਗਲਣ ਦੇ ਰੋਗ ਵਿੱਚ ਵਾਧਾ ਹੁੰਦਾ ਹੈ ।

ਮੱਕੀ ਨੂੰ ਨਾਈਟਰੋਜਨ ਦੀ ਦੂਸਰੀ ਕਿਸ਼ਤ (37 ਕਿਲੋ ਜਾਂ 25 ਕਿਲੋ ਪ੍ਰਤੀ ਏਕੜ ਕ੍ਰਮਵਾਰ ਲੰਮਾ ਅਤੇ ਦਰਮਿਆਨਾ / ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ) ਫ਼ਸਲ ਦੇ ਗੋਡੇ-ਗੋਡੇ ਹੋਣ ਤੱਕ ਪਾਉ । ਬਾਰਾਨੀ ਇਲਾਕਿਆਂ ਵਿੱਚ ਖਾਦਾਂ ਦੀ ਮਿਕਦਾਰ ਜ਼ਮੀਨ ਦੀ ਕਿਸਮ ਅਤੇ ਪਾਣੀ ਸੰਭਾਲਣ ਦੀ ਸ਼ਕਤੀ 'ਤੇ ਨਿਰਭਰ ਕਰਦੀ ਹੈ । ਭਾਰੀਆਂ ਜ਼ਮੀਨਾਂ ਵਿੱਚ ਪਾਣੀ ਸੰਭਾਲਣ ਦੀ ਸ਼ਕਤੀ ਜ਼ਿਆਦਾ ਹੁੰਦੀ ਹੈ । ਉਹਨਾਂ ਹਾਲਤਾਂ ਵਿੱਚ ਮੱਕੀ ਨੂੰ ਕੁੱਲ 70 ਕਿਲੋ ਯੂਰੀਆ, 35 ਕਿਲੋ ਡੀ. ਏ. ਪੀ. ਜਾਂ 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ 15 ਕਿਲੋ ਮਿਊਰੇਟ ਆਫ ਪੋਟਾਸ਼ ਪਾਉ । ਬਹੁਤੀਆਂ ਹਲਕੀਆਂ ਜ਼ਮੀਨਾਂ ਵਿੱਚ ਇਹ ਖਾਦਾਂ ਦੀ ਮਿਕਦਾਰ ਅੱਧੀ ਕਰ ਦਿਉ । ਬਾਰਾਨੀ ਮੱਕੀ ਵਿੱਚ ਅੱਧੀ ਨਾਈਟਰੋਜਨ ਅਤੇ ਸਾਰੀ ਫਾਸਫੋਰਸ ਤੇ ਪੋਟਾਸ਼ ਬਿਜਾਈ ਵੇਲੇ ਡਰਿੱਲ ਕਰ ਦਿਉ ਅਤੇ ਬਾਕੀ ਰਹਿੰਦੀ ਅੱਧੀ ਨਾਈਟਰੋਜਨ ਖਾਦ ਇੱਕ ਮਹੀਨਾ ਬਾਅਦ ਪਾਉ । ਜੇਕਰ ਮੱਕੀ ਨੂੰ ਰੂੜੀ ਦੀ ਖਾਦ ਪਾਈ ਜਾਵੇ ਤਾਂ ਫਾਸਫੋਰਸ ਅਤੇ ਪੋਟਾਸ਼ ਵਾਲੀਆਂ ਖਾਦਾਂ ਦੀ ਕੋਈ ਲੋੜ ਨਹੀਂ ।

ਮੱਕੀ ਦੇ ਗੜੂੰਏਂ ਦੀ ਰੋਕਥਾਮ

**ਬਾਕੀ ਸਫਾ 10 'ਤੇ**

**ਨਰਮਾ/ਕਪਾਹ** : ਨਰਮੇ/ਕਪਾਹ ਦੀ ਫ਼ਸਲ ਖੜ੍ਹੇ ਪਾਣੀ ਨੂੰ ਨਹੀਂ ਝੱਲਦੀ । ਇਸ ਲਈ ਬਰਸਾਤ ਦੇ ਮੌਸਮ ਵਿੱਚ ਨਰਮੇ/ਕਪਾਹ ਦੇ ਖੇਤਾਂ 'ਚੋਂ ਫਾਲਤੂ ਪਾਣੀ ਬਾਹਰ ਕੱਢ ਦਿਓ । ਕਪਾਹ ਵਿਰਲੀ ਕਰਨ ਵੇਲੇ ਨਾਈਟ੍ਰੋਜਨ ਦੀ ਅੱਧੀ ਖੁਰਾਕ ਪਾਉ । ਨਾਈਟ੍ਰੋਜਨ ਖਾਦ ਦੀ ਸੁਚੱਜੀ ਵਰਤੋਂ ਲਈ ਪੀ ਏ ਯੂ-ਪੱਤਾ ਰੰਗ ਚਾਰਟ ਦੀ ਵਰਤੋਂ ਕਰੋ । ਫਸਲ ਦੇ ਵਿਚਕਾਰ ਪਈ ਥਾਂ ਤੋਂ ਨਦੀਨ ਮਾਰਨ ਲਈ ਗਰਾਮੋਕਸੋਨ 24 ਐਸ ਐਲ (ਪੈਰਾਕੁਏਟ) ਦਾ 500 ਮਿਲੀਲੀਟਰ ਜਾਂ 900 ਮਿਲੀਲੀਟਰ ਸਵੀਪ ਪਾਵਰ 13.5 ਐਸ ਐਲ (ਗਲੂਫੋਸੀਨੇਟ ਅਮੋਨੀਅਮ) ਨੂੰ ਪ੍ਰਤੀ ਏਕੜ ਦੇ ਹਿਸਾਬ 100 ਲੀਟਰ ਪਾਣੀ ਵਿੱਚ ਘੋਲ ਕੇ ਨਦੀਨਾਂ ਉੱਪਰ ਸਿੱਧਾ ਛਿੜਕੋ । ਜਦੋਂ ਫਸਲ 6-8 ਹਫਤਿਆਂ ਦੀ ਹੋ ਜਾਵੇ ਅਤੇ 40-45 ਸੈਂਟੀਮੀਟਰ ਉੱਚੀ ਹੋ ਜਾਵੇ । ਨਦੀਨ ਨਾਸ਼ਕ ਜ਼ਹਿਰਾਂ ਉਦੋਂ ਵਰਤੋ ਜਦੋਂ ਹਵਾ ਨਾ ਵਗਦੀ ਹੋਵੇ । ਇਹ ਵੀ ਖਿਆਲ ਰੱਖੋ ਕਿ ਨਦੀਨ-ਨਾਸ਼ਕ ਫ਼ਸਲ ਦੇ ਪੱਤਿਆਂ 'ਤੇ ਨਾ ਪਵੇ । ਚਿੱਟੀ ਮੱਖੀ ਲਈ ਨਰਮੇ ਦੀ ਫ਼ਸਲ ਅਤੇ ਇਸ ਦੀਆਂ ਬਦਲਵੀਆਂ ਫ਼ਸਲਾਂ/ਨਦੀਨਾਂ 'ਤੇ ਲਗਾਤਾਰ ਸਰਵੇਖਣ ਕਰਦੇ ਰਹੋ । ਜਦੋਂ ਇਸ ਦੀ ਗਿਣਤੀ ਸਵੇਰੇ 10 ਵਜੇ ਤੋਂ ਪਹਿਲਾਂ 6 ਮੱਖੀਆਂ ਪ੍ਰਤੀ ਪੱਤਾ ਹੋ ਜਾਵੇ ਤਾਂ 400 ਮਿਲੀਲੀਟਰ ਸਫੀਨਾ 50 ਡੀ ਸੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਜਾਂ 200 ਗ੍ਰਾਮ ਪੋਲੋ/ਕਰੇਜ਼/ਰੂਬੀ/ਲੂਡੋ/ਸ਼ੋਕੂ 50 ਡਬਲਯੂ ਪੀ ਜਾਂ 500 ਮਿਲੀਲੀਟਰ ਲੈਨੋ/ਡੈਟਾ 10 ਈਸੀ ਜਾਂ 200 ਮਿਲੀਲੀਟਰ ਉਬੇਰਾਨ/ਵੋਲਟੇਜ਼ 22.9 ਐਸ ਸੀ ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ ਜਾਂ 800 ਮਿਲੀਲੀਟਰ ਫਾਸਮਾਈਟ / ਈ-ਮਾਈਟ / ਵੋਲਥੀਆਨ / ਗੋਲਡ ਮਿਟ 50 ਈ ਸੀ ਜਾਂ 1 ਲੀਟਰ ਨਿੰਬੀਸੀਡੀਨ/ਅਚੂਕ ਜਾਂ 1200 ਮਿਲੀਲੀਟਰ ਪੀ. ਏ. ਯੂ. ਨਿੰਮ ਦੇ ਘੋਲ ਨੂੰ 125-150 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਥਰਿੱਪਸ (ਭੂਰੀ ਜੂੰ) ਦੀ ਰੋਕਥਾਮ ਲਈ 170 ਮਿਲੀਲੀਟਰ ਡੈਲੀਗੇਟ 11.7 ਐਸ ਸੀ ਜਾਂ 500 ਮਿਲੀਲੀਟਰ ਕਿਊਰਾਕਰੋਨ/ ਸੈਲਰੋਨ 50 ਈ ਸੀ ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ । ਨਰਮੇ ਦੇ ਲੀਫ ਕਰਲ ਵਾਲੇ ਵਾਇਰਸ ਵਾਲੇ ਬੂਟੇ ਸਮੇਂ-ਸਮੇਂ ਸਿਰ ਪੁੱਟ ਕੇ ਦਬਾਉਂਦੇ ਰਹੋ । ਕੰਘੀ ਬੂਟੀ ਤੇ ਪੀਲੀ ਬੂਟੀ ਤੋਂ ਖੇਤਾਂ ਦਾ ਆਲਾ-ਦੁਆਲਾ ਮੁਕਤ ਰੱਖੋ । ਪੱਤਿਆਂ ਤੇ ਉੱਲੀਆਂ ਦੇ ਧੱਬੇ ਅਤੇ ਝੁਲਸ ਰੋਗ ਦਾ ਹਮਲਾ ਸ਼ੁਰੂ ਹੋਣ 'ਤੇ 200 ਮਿ.ਲਿ. ਐਮੀਸਟਾਰ ਟੋਪ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ 15 ਤੋਂ 20 ਦਿਨਾਂ ਦੇ ਵਕਫੇ ਬਾਅਦ ਛਿੜਕੋ । ਪਾਣੀ ਲਾਉਣ ਜਾਂ ਮੀਂਹ ਪਿੱਛੋਂ ਬੂਟਿਆਂ ਦੇ ਪੱਤੇ ਲੁੜਕ ਜਾਂਦੇ ਹਨ ਤਾਂ 10 ਮਿਲੀਗ੍ਰਾਮ ਕੋਬਾਲਟ ਕਲੋਰਾਈਡ ਪ੍ਰਤੀ ਲੀਟਰ ਪਾਣੀ ਦੇ ਘੋਲ ਦਾ ਛਿੜਕਾਅ ਇਹਨਾਂ ਬੂਟਿਆਂ ਉੱਪਰ ਕਰੋ ।



ਸਾਉਣੀ ਰੁੱਤ ਦੀ ਚਾਰੇ ਵਾਲੀ

# ਮੱਕੀ ਵਿੱਚ ਕੀੜੇ-ਮਕੌੜਿਆਂ ਦੀ ਰੋਕਥਾਮ

ਸਿਮਰਨਜੀਤ ਕੌਰ ਅਤੇ ਗੁਰਮੇਲ ਸਿੰਘ ਸੰਧੂ,
ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ (ਮੋ. 81980-11166)

ਪੰਜਾਬ ਵਿੱਚ ਚਾਰੇ ਵਾਲੀ ਮੱਕੀ ਤਕਰੀਬਨ 1 ਲੱਖ ਹੈਕਟੇਅਰ ਰਕਬੇ ਵਿੱਚ ਬੀਜੀ ਜਾਂਦੀ ਹੈ। ਫ਼ਸਲ ਦੇ ਚੰਗੇ ਝਾੜ ਲਈ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ ਜ਼ਰੂਰੀ ਹੈ।

**ਮੱਕੀ ਦਾ ਗੜੂੰਆਂ :**

★ ਇਸ ਦੇ ਹਮਲੇ ਕਾਰਨ ਬੂਟੇ ਦੀ ਗੋਭ ਸੁੱਕ ਜਾਂਦੀ ਹੈ।



★ ਹਮਲਾ ਨਜ਼ਰ ਆਉਣ 'ਤੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਉ।

★ ਰੋਕਥਾਮ ਲਈ ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪ੍ਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 50,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰ ਵਰਤੋ, ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਅਤੇ ਦੂਜੀ ਵਾਰ ਇੱਕ ਹਫਤੇ ਬਾਅਦ।

★ ਇਨ੍ਹਾਂ ਕਾਰਡਾਂ ਨੂੰ 50 ਬਰਾਬਰ ਹਿੱਸਿਆਂ ਵਿੱਚ ਕੱਟ ਲਵੋ (ਤਕਰੀਬਨ 1000 ਆਂਡੇ ਹਰ ਛੋਟੇ ਹਿੱਸੇ ਉਪਰ) ਅਤੇ ਇਨ੍ਹਾਂ ਹਿੱਸਿਆਂ ਨੂੰ ਸ਼ਾਮ ਦੇ ਸਮੇਂ ਖੇਤ ਵਿੱਚ ਬਰਾਬਰ ਦੀ ਦੂਰੀ 'ਤੇ ਬੂਟਿਆਂ ਦੀ ਗੋਭ ਵਿੱਚ ਰੱਖੋ।

★ ਲੋੜ ਪੈਣ 'ਤੇ 40 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਦਾ 60-80 ਲੀਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**ਮੱਕੀ ਦਾ ਫਾਲ ਆਰਮੀਵਰਮ :**

★ ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ ਅਤੇ ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿੱਚ ਗੋਲ ਤੋਂ ਅੰਡਾਕਾਰ ਮੋਰੀਆਂ ਕਰਦੀਆਂ ਹਨ। ਹਮਲੇ ਵਾਲੇ ਬੂਟਿਆਂ ਦੀਆਂ ਗੋਭਾਂ ਵਿੱਚ ਸੁੰਡੀਆਂ ਦੀਆਂ ਵਿੱਠਾਂ ਭਾਰੀ ਮਾਤਰਾ ਵਿੱਚ ਵੇਖਣ ਨੂੰ ਮਿਲਦੀਆਂ ਹਨ।

★ ਚਾਰੇ ਵਾਲੀ ਮੱਕੀ ਵਿੱਚ ਰਵਾਂਹ / ਬਾਜਰਾ / ਜੁਆਰ ਰਲਾ ਕੇ ਬੀਜਣ ਨੂੰ ਤਰਜੀਹ ਦਿਉ।


★ ਸਿਫਾਰਿਸ਼ ਅਨੁਸਾਰ 30 ਕਿਲੋ ਪ੍ਰਤੀ ਏਕੜ ਬੀਜ ਨਾਲ ਕਤਾਰਾਂ ਵਿੱਚ ਬਿਜਾਈ ਕਰੋ।

★ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹੋ।

★ ਪੱਤਿਆਂ ਉੱਪਰ ਫਾਲ ਆਰਮੀਵਰਮ ਦੇ ਲੂਈ ਨਾਲ ਢੱਕੇ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰ ਦਿਉ।

★ ਰੋਕਥਾਮ ਲਈ 0.4 ਮਿਲੀਲੀਟਰ ਕੋਰਾਜਨ 18.5 ਐਸ. ਸੀ. (ਕਲੋਰਐਂਟਰਾਨਿਲੀਪਰੋਲ) ਪ੍ਰਤੀ ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਲਈ 120 ਲੀਟਰ ਪਾਣੀ ਪ੍ਰਤੀ ਏਕੜ ਵਰਤੋ। ਫ਼ਸਲ ਦੇ ਵਾਧੇ ਅਨੁਸਾਰ (40 ਦਿਨਾਂ ਤੱਕ ਦੀ ਫ਼ਸਲ 'ਤੇ ਹੀ), ਪਾਣੀ ਦੀ ਮਾਤਰਾ 200 ਲੀਟਰ ਪ੍ਰਤੀ ਏਕੜ ਤੱਕ ਵਧਾਉ, ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਕੀਟਨਾਸ਼ਕ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਉ।

★ ਚੰਗੀ ਰੋਕਥਾਮ ਲਈ ਛਿੜਕਾਅ ਮੱਖੀ ਦੀ



ਗੋਭ ਵੱਲ ਨੂੰ ਕਰੋ।

**ਸਾਵਧਾਨੀਆਂ :**

★ ਜੇਕਰ ਚਰ੍ਹੀ ਦਾ ਬੀਜ ਸੋਧਿਆ ਹੋਵੇ ਤਾਂ ਹਰੇ ਚਾਰੇ ਦੀ ਕਟਾਈ ਬਿਜਾਈ ਤੋਂ 45 ਦਿਨਾਂ ਤੋਂ ਪਹਿਲਾਂ ਨਾ ਕਰੋ।

★ ਕੋਰਾਜਨ ਦੇ ਛਿੜਕਾਅ ਕਰਨ ਤੋਂ 21 ਦਿਨਾਂ ਬਾਅਦ ਮੱਕੀ ਦੀ ਫ਼ਸਲ ਨੂੰ ਚਾਰੇ ਲਈ ਵਰਤੋ।

★ ਟਰਾਈਕੋਕਾਰਡ ਮੀਂਹ ਵਾਲੇ ਦਿਨ ਨਹੀਂ ਵਰਤਣੇ ਚਾਹੀਦੇ।

# ਗੈਰ-ਖੇਤੀ ਧੰਦਿਆਂ ਦਾ ਵੱਧਦਾ ਮਹੱਤਵ

ਸੁਖਦੀਪ ਸਿੰਘ, ਅਰਜਿੰਦਰ ਕੌਰ ਅਤੇ ਹਰਸਿਮਰਨਜੀਤ ਕੌਰ ਮਾਵੀ,
ਆਰਥਿਕ ਸਮਾਜਿਕ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ,
ਲੁਧਿਆਣਾ-141004 (ਮੋ. 98881-02812)

ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਮੁੱਢ ਤੋਂ ਹੀ ਇੱਥੇ ਖੇਤੀ ਨਾਲ ਸੰਬੰਧਿਤ ਗਤੀਵਿਧੀਆਂ ਦਾ ਮਹੱਤਵ ਰਿਹਾ ਹੈ। ਮੌਜੂਦਾ ਸਮੇਂ ਵਿੱਚ ਲਗਭਗ 24.64% ਪ੍ਰਤੀ ਲੋਕ ਰੋਜ਼ਗਾਰ ਲਈ ਖੇਤੀਬਾੜੀ ਅਤੇ ਸਹਾਇਕ ਧੰਦਿਆਂ 'ਤੇ ਨਿਰਭਰ ਹਨ ਅਤੇ ਰਾਜ ਦੀ ਕੁੱਲ ਆਮਦਨ ਦਾ 26.68 ਪ੍ਰਤੀਸ਼ਤ ਹਿੱਸਾ ਇਹਨਾਂ ਧੰਦਿਆਂ ਤੋਂ ਆ ਰਿਹਾ ਹੈ। ਪੰਜਾਬ ਹਰੀ ਕ੍ਰਾਂਤੀ ਦਾ ਮੋਢੀ ਹੋਣ ਕਰਕੇ ਪਿਛਲੇ ਚਾਰ ਤੋਂ ਵੱਧ ਦਹਾਕਿਆਂ ਤੋਂ ਹੀ ਖੇਤੀ ਦੇ ਨਵੀਨੀਕਰਣ ਨੂੰ ਅਪਣਾ ਰਿਹਾ ਹੈ। ਫ਼ਸਲਾਂ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ, ਰਸਾਇਣਿਕ ਖਾਦਾਂ ਅਤੇ ਸਿੰਚਾਈ ਸਾਧਨਾਂ ਦੀ ਸੁਚੱਜੀ ਵਰਤੋਂ ਸਦਕਾ ਪੰਜਾਬ ਦੇਸ਼ ਦਾ ਅੰਨ ਭੰਡਾਰ ਬਣਿਆ। ਅਨਾਜ ਖਾਸ ਕਰਕੇ ਕਣਕ ਅਤੇ ਝੋਨੇ ਵਿੱਚ ਪੰਜਾਬ ਦਾ ਵਧੇਰੇ ਯੋਗਦਾਨ ਰਿਹਾ ਹੈ। ਪਰ ਪਿਛਲੇ ਕੁੱਝ ਸਮੇਂ ਤੋਂ ਪ੍ਰਤੀ ਵਿਅਕਤੀ ਘਟਦੀ ਖੇਤੀ ਆਮਦਨ, ਖੇਤੀ ਪਰਿਵਾਰਾਂ 'ਤੇ ਵੱਧ ਰਿਹਾ ਕਰਜ਼ਾ, ਕਿਸਾਨਾਂ ਵੱਲੋਂ ਕੀਤੇ ਜਾ ਰਹੇ ਆਤਮਦਾਹ ਖੇਤੀ ਦੀ ਡਾਵਾਂਡੋਲ ਸਥਿਤੀ ਵੱਲ ਸੰਕੇਤ ਕਰਦੇ ਹਨ।

ਖੇਤੀ 'ਤੇ ਵੱਧ ਰਹੇ ਖਰਚੇ ਦੇ ਕਈ ਕਾਰਣ ਹਨ। ਖੇਤੀ ਸੰਸਾਧਨਾਂ ਦੀਆਂ ਵੱਧ ਰਹੀਆਂ ਕੀਮਤਾਂ ਜਿਵੇਂ ਕਿ ਬੀਜ, ਕੀਟਨਾਸ਼ਕ ਰਸਾਇਣ, ਖਾਦਾਂ, ਡੀਜ਼ਲ ਅਤੇ ਕਾਮਿਆਂ ਦਾ ਖਰਚਾ (ਲੇਬਰ) ਆਦਿ ਇਸ ਤੋਂ ਹੋਣ ਵਾਲੇ ਮੁਨਾਫੇ ਨੂੰ ਪ੍ਰਭਾਵਿਤ ਕਰਦੇ ਹਨ। ਦੂਜੇ ਪਾਸੇ, ਝਾੜ ਵਿੱਚ ਆਈ ਖੜੋਤ ਅਤੇ ਫ਼ਸਲਾਂ ਦੀਆਂ ਕੀਮਤਾਂ ਵਿੱਚ ਮਾਮੂਲੀ ਵਾਧਾ ਕਿਸਾਨਾਂ ਦੀ ਆਮਦਨ ਨੂੰ ਬਹੁਤ ਨਹੀਂ ਵਧਾਉਂਦਾ। ਇਸ ਦੇ ਨਾਲ ਹੀ ਕਈ ਹੋਰ ਖਰਚੇ ਖੇਤੀ ਲਾਭ 'ਤੇ ਅਸਰ ਪਾਉਂਦੇ ਹਨ। ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਕਾਰਨ ਹਰ ਦੂਹੀਂ-ਚੌਹੀਂ ਸਾਲੀਂ ਬੋਰ ਨੂੰ ਡੂੰਘਾ ਕਰਾਉਣਾ, ਵੱਧ ਰਹੇ ਮਸ਼ੀਨੀਕਰਨ ਕਰਕੇ ਨਵੇਂ ਸੰਦ ਖਰੀਦਣਾ ਜਾਂ ਕਿਰਾਏ 'ਤੇ ਲੈਣਾ, ਖਰੀਦ ਲਈ ਲਏ ਗਏ ਕਰਜ਼ੇ ਦੀ ਕਿਸ਼ਤ ਆਦਿ ਵੀ ਲਾਭ ਨੂੰ ਘਟਾਉਂਦੇ ਹਨ। ਨਾਲ ਹੀ ਵੱਧ ਰਹੇ ਘਰੇਲੂ ਖਰਚੇ, ਖੁਸ਼ੀ-ਗਮੀ ਦੇ ਸਮਾਗਮ, ਬੱਚਿਆਂ ਨੂੰ ਵਿਦੇਸ਼ ਭੇਜਣਾ, ਵੱਡੀਆਂ ਕਾਰਾਂ, ਵੱਡੀਆਂ ਕੋਠੀਆਂ, ਮਹਿੰਗੀਆਂ ਕਾਰਾਂ ਆਦਿ ਕਿਸਾਨ ਪਰਿਵਾਰ ਦੀ ਪੂਰੀ ਨਹੀਂ ਪੈਣ ਦਿੰਦੇ। ਇਸੇ ਸੰਬੰਧ ਵਿੱਚ ਗੈਰ-ਖੇਤੀ ਧੰਦਿਆਂ ਦਾ ਬਹੁਤ ਮਹੱਤਵ ਹੈ, ਖ਼ਾਸ ਕਰਕੇ ਸੀਮਾਂਤ ਅਤੇ ਛੋਟੇ ਕਿਸਾਨ ਪਰਿਵਾਰ ਇਨ੍ਹਾਂ ਉੱਤੇ ਵਧੇਰੇ ਨਿਰਭਰ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਇਸੇ ਸੰਬੰਧ ਵਿੱਚ ਕੀਤੇ ਗਏ ਇੱਕ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਕੇ ਸਾਹਮਣੇ ਆਈ ਹੈ ਕਿ ਛੋਟੇ ਕਿਸਾਨ ਖੇਤੀ ਦੇ ਨਾਲ ਸਹਾਇਕ ਧੰਦੇ ਜਿਵੇਂ ਕਿ ਮੁਰਗੀ ਪਾਲਣ, ਪਸ਼ੂ ਪਾਲਣ ਤੋਂ ਵੀ ਕੁੱਲ ਆਮਦਨ ਦਾ ਕਾਫੀ



ਹਿੱਸਾ ਪ੍ਰਾਪਤ ਕਰ ਰਹੇ ਹਨ। ਗੈਰ-ਖੇਤੀ ਧੰਦਿਆਂ ਵਿੱਚ ਨੌਕਰੀ, ਸਰਕਾਰੀ ਜਾਂ ਪ੍ਰਾਈਵੇਟ ਅਤੇ ਛੋਟੇ ਪੱਧਰ ਦੇ ਵਪਾਰ/ਦੁਕਾਨ ਆਦਿ ਸ਼ਾਮਿਲ ਹਨ। ਜਦੋਂ ਕਿ ਵੱਡੇ ਕਿਸਾਨ ਆਮਦਨ ਦਾ ਵਧੇਰੇ ਹਿੱਸਾ ਖੇਤੀ ਤੋਂ ਹੀ ਪ੍ਰਾਪਤ ਕਰ ਰਹੇ ਹਨ।

ਇਸੇ ਤਰ੍ਹਾਂ ਹੀ ਰੋਜ਼ਗਾਰ ਲਈ ਵੀ ਛੋਟੇ ਕਿਸਾਨ (20%) ਨੌਕਰੀਆਂ 'ਤੇ ਵਧੇਰੇ ਕਰਕੇ ਨਿੱਜੀ ਖੇਤਰ ਵਿੱਚ ਲੱਗੇ ਹੋਏ ਹਨ। ਜਦੋਂਕਿ ਮੱਧਮ ਅਤੇ ਵੱਡੇ ਕਿਸਾਨ ਪਰਿਵਾਰ ਵਪਾਰ ਜਾਂ ਦੁਕਾਨਦਾਰੀ ਆਦਿ ਗੈਰ-ਖੇਤੀ ਕਿੱਤਿਆਂ ਵਿੱਚ ਹਨ ਅਤੇ ਗੈਰ-ਖੇਤੀ ਆਮਦਨ ਦਾ ਵੱਡਾ ਹਿੱਸਾ ਵਿਦੇਸ਼ਾਂ ਤੋਂ ਭੇਜੀ ਗਈ ਰਕਮ ਤੋਂ ਵੀ ਪ੍ਰਾਪਤ ਕਰ ਰਹੇ ਹਨ।

ਕੀਤੇ ਗਏ ਸਰਵੇਖਣ ਵਿੱਚ ਕਿਸਾਨ ਪਰਿਵਾਰਾਂ ਨੇ ਖ਼ਾਸ ਕਰਕੇ ਛੋਟੀ ਸ਼੍ਰੇਣੀ ਨੇ ਇਨ੍ਹਾਂ ਗੈਰ-ਖੇਤੀ ਧੰਦਿਆਂ ਨੂੰ ਚੰਗਾ ਮੰਨਿਆ ਹੈ। ਇਨ੍ਹਾਂ ਨੂੰ ਅਪਨਾਉਣ ਨਾਲ ਵਧੀ ਹੋਈ ਆਮਦਨ, ਚੰਗਾ ਰਹਿਣ-ਸਹਿਣ ਅਤੇ ਸਮਾਜਿਕ ਰੁਤਬੇ ਵਿੱਚ ਵੀ ਵਾਧਾ ਹੁੰਦਾ ਹੈ। ਕਈ ਧੰਦਿਆਂ ਵਿੱਚ ਘਰ ਦੀਆਂ ਔਰਤਾਂ ਦੀ ਵੀ ਸ਼ਮੂਲੀਅਤ ਹੋਣ ਕਾਰਨ ਉਨ੍ਹਾਂ ਨੂੰ ਵੀ ਰੋਜ਼ਗਾਰ ਦੇ ਮੌਕੇ ਉਪਲੱਬਧ ਹੋ ਜਾਂਦੇ ਹਨ, ਜਿਵੇਂ ਕਿ ਪਸ਼ੂ-ਪਾਲਣ, ਮੁਰਗੀ ਪਾਲਣ ਆਦਿ। ਸਰਕਾਰੀ ਜਾਂ ਨਿੱਜੀ ਖੇਤਰ ਤੋਂ ਇਲਾਵਾ ਆਪਣੇ ਕੰਮ ਜਿਵੇਂ ਕਿ ਬਿਊਟੀ ਪਾਰਲਰ, ਕੱਪੜੇ ਡਿਜ਼ਾਇਨ ਵਾਲੇ ਬੂਟੀਕ, ਆਚਾਰ/ਮੁਰੱਬੇ ਅਤੇ ਮਸਾਲਿਆਂ ਆਦਿ ਨੇ ਔਰਤਾਂ ਨੂੰ ਆਰਥਿਕ ਪੱਖੋਂ ਬਹੁਤ ਮਜ਼ਬੂਤ ਕੀਤਾ ਹੈ ਅਤੇ ਘਰਾਂ ਵਿੱਚ ਉਨ੍ਹਾਂ ਦੀ ਇੱਜ਼ਤ ਵਧਾਈ ਹੈ। ਗੈਰ-ਖੇਤੀ ਧੰਦੇ ਅਪਨਾਉਣ ਵਾਲੇ ਸਿਰਫ਼ ਖੇਤੀ 'ਤੇ ਨਿਰਭਰਤਾ ਘਰਾਂ ਦੇ ਵਿੱਚ ਹਰ ਪੱਖ 'ਤੇ ਤੁਲਨਾ ਭਾਵੇਂ ਉਹ ਪੜ੍ਹਾਈ ਹੋਵੇ, ਸਿਹਤ ਹੋਵੇ, ਖਾਣ-ਪੀਣ, ਨਿਵੇਸ਼ ਜਾਂ ਸਮਾਜਿਕ ਰਸਮਾਂ 'ਤੇ ਵਧੇਰੇ ਖਰਚਾ ਕਰਦੇ ਹਨ।

ਪੰਜਾਬ ਦੀ ਖੇਤੀ ਵਿੱਚ ਸੰਸਾਧਨਾਂ ਦੀ ਵੱਧਦੀ ਕੀਮਤ, ਫ਼ਸਲਾਂ ਦੀਆਂ ਕੀਮਤਾਂ ਵਿੱਚ ਨਾ-ਬਰਾਬਰ ਵਾਧਾ, ਇਕੱਲੀ ਖੇਤੀ ਆਮਦਨ 'ਤੇ ਨਿਰਭਰਤਾ ਖੇਤੀ ਸੰਕਟ ਵੱਲ ਸੰਕੇਤ ਕਰਦੀ ਹੈ। ਇਹ ਸੰਕਟ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਸ਼੍ਰੇਣੀ ਵਿੱਚ ਵਧੇਰੇ ਹੈ। ਇਸੇ ਲਈ ਉਨ੍ਹਾਂ ਨੂੰ ਸਹਾਇਕ ਧੰਦੇ ਅਤੇ ਨਾਲ ਹੀ ਗੈਰ-ਖੇਤੀ ਕਿੱਤੇ ਅਪਨਾਉਣ ਦੀ ਵਧੇਰੇ ਲੋੜ ਹੈ।


ਪਰ ਇਸ ਸੁਝਾਅ 'ਤੇ ਅਮਲ ਕਰਨ ਵਿੱਚ ਕੁਝ ਵੱਡੀਆਂ ਔਕੜਾਂ ਪੇਸ਼ ਆਉਂਦੀਆਂ ਹਨ। ਸਭ ਤੋਂ ਪਹਿਲਾਂ ਕਿਸਾਨ ਪਰਿਵਾਰਾਂ ਦੇ ਜੀਆਂ ਨੂੰ ਆਪਣੇ ਆਪ ਨੂੰ ਕੋਈ ਮਿਹਨਤ ਵਾਲਾ ਹੱਥੀਂ ਕੰਮ ਕਰਨ ਲਈ ਤਿਆਰ ਕਰਨਾ ਹੈ। ਸਮਾਜਿਕ ਤੌਰ 'ਤੇ ਵੀ ਅੱਜ ਦੇ ਸਮੇਂ ਵਿੱਚ ਸਿਰਫ ਮੇਜ਼ 'ਤੇ ਬੈਠਣ (Desk Job) ਵਾਲੀਆਂ ਨੌਕਰੀਆਂ ਨੂੰ ਹੀ ਚੰਗਾ ਸਮਝਿਆ ਜਾਂਦਾ ਹੈ। ਇਸ ਲਈ ਨੌਜਵਾਨ ਨਿੱਜੀ ਖੇਤਰ ਦੇ ਵਿੱਚ ਹੱਥੀਂ/ਮਸ਼ੀਨੀ ਕੰਮ ਲਈ ਰਾਜੀ ਨਹੀਂ ਹੁੰਦੇ।

ਅਜੋਕੇ ਸਮੇਂ ਵਿੱਚ ਬਹੁਤ ਸਾਰੇ ਕੰਮ ਕੰਪਿਊਟਰ ਅਤੇ ਇੰਟਰਨੈਟ ਨਾਲ ਹੋ ਰਹੇ ਹਨ। ਪਰ ਬਹੁਤ ਸਾਰੇ ਕਿਸਾਨ ਪਰਿਵਾਰ ਦੇ ਬੱਚੇ ਇਸ ਲਈ ਲੋੜੀਂਦੀ ਤਕਨੀਕ ਵਿੱਚ ਮਾਹਿਰ ਨਹੀਂ ਹੁੰਦੇ ਅਤੇ ਰੋਜ਼ਗਾਰ ਦੇ ਚੰਗੇ ਮੌਕਿਆਂ ਤੋਂ ਖੁੰਝ ਜਾਂਦੇ ਹਨ।

ਗੈਰ-ਖੇਤੀ ਕੰਮਾਂ ਵਿੱਚ ਦੁਕਾਨ / ਵਪਾਰ ਦਾ ਵੀ ਬਹੁਤ ਮਹੱਤਵ ਹੈ। ਪਰ ਖੇਤੀ ਪਰਿਵਾਰਾਂ ਵਿੱਚ ਇਸ ਲਈ ਲੋੜੀਂਦੀ ਪੂੰਜੀ ਅਤੇ ਤਜ਼ਰਬੇ ਦੀ ਘਾਟ ਹੁੰਦੀ ਹੈ ਅਤੇ ਇਸ ਕੰਮ ਲਈ ਉਹ ਬਾਹਰੋਂ ਕਰਜ਼ਾ ਲੈਣ ਤੋਂ ਝਿਜਕਦੇ ਹਨ। ਨਵੇਂ ਕੰਮ ਵਿੱਚ ਜੋਖਿਮ ਹੋਣ ਕਾਰਨ ਜ਼ਿਆਦਾ ਨਿਵੇਸ਼ ਤੋਂ ਡਰਦੇ ਹਨ। ਪਹਿਲਾਂ ਹੀ ਉਨ੍ਹਾਂ 'ਤੇ ਖੇਤੀ ਲਈ ਲਏ ਗਏ ਕਰਜ਼ੇ ਦਾ ਬੋਝ ਹੁੰਦਾ ਹੈ।

ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਉਦਯੋਗਿਕ ਵਿਕਾਸ ਵਿੱਚ ਪੱਛੜ ਗਿਆ ਹੈ। ਪੇਂਡੂ ਖੇਤਰਾਂ ਦੇ ਨੇੜੇ ਕੋਈ ਬਹੁਤੀਆਂ ਫੈਕਟਰੀਆਂ ਨਹੀਂ ਲੱਗੀਆਂ, ਜਿਸ ਤੋਂ ਕਿ ਨੇੜੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਜਿਹੜਾ ਕੰਮ ਫੈਕਟਰੀਆ ਵਿੱਚ ਸਰੀਰਕ ਬਲ ਨਾਲ ਹੁੰਦਾ ਹੈ, ਪੰਜਾਬੀ ਨੌਜਵਾਨ ਉਸ ਵਿੱਚ ਘੱਟ ਰੁਚੀ ਦਿਖਾਉਂਦੇ ਹਨ ਅਤੇ ਘਰੋਂ ਦੂਰ ਜਾ ਕੇ ਕੰਮ ਕਰਨ ਤੋਂ ਵੀ ਗੁਰੇਜ਼ ਕਰਦੇ ਹਨ। ਘਰਦਿਆਂ ਤੋਂ ਵੀ ਉਨ੍ਹਾਂ ਨੂੰ ਇਸ ਤਰ੍ਹਾਂ ਜਾਂ ਕੋਈ ਨਵਾਂ ਕੰਮ ਕਰਨ ਲਈ ਕੋਈ ਬਹੁਤੀ ਹੱਲਾਸ਼ੇਰੀ ਨਹੀਂ ਦਿੱਤੀ ਜਾਂਦੀ। ਇਨ੍ਹਾਂ ਸਾਰੇ ਕਾਰਨਾਂ ਕਰਕੇ ਸਾਡੇ ਪਿੰਡਾਂ ਦੇ ਇਲਾਕਿਆਂ ਵਿੱਚ ਗੈਰ-ਖੇਤੀ ਕੰਮਾਂ ਦੀ ਘਾਟ ਹੈ।

ਪਰ ਸਮੇਂ ਮੁਤਾਬਕ ਇਨ੍ਹਾਂ ਔਕੜਾਂ ਨੂੰ ਦੂਰ ਕਰਨ ਦੀ ਵੱਡੀ ਲੋੜ ਹੈ। ਇਸ ਲਈ ਕਿਸਾਨੀ ਪਰਿਵਾਰਾਂ ਨੂੰ ਵਧੇਰੇ ਜਾਗਰੂਕ ਕਰਨ ਦੀ ਲੋੜ ਹੈ, ਤਾਂ ਜੋ ਉਹ ਵੱਖ-ਵੱਖ ਕਿੱਤਿਆਂ ਲਈ ਟ੍ਰੇਨਿੰਗਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਇਨ੍ਹਾਂ ਨੂੰ ਅਪਨਾਉਣ ਲਈ ਕਦਮ ਚੁੱਕਣ। ਵਧੇਰੇ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ, ਪਿੰਡਾਂ ਦੇ ਨੇੜੇ ਲਘੂ ਉਦਯੋਗ ਸਥਾਪਿਤ ਕਰਨ ਦੀ ਲੋੜ ਹੈ। ਸਭ ਤੋਂ ਵੱਡੀ ਲੋੜ ਹੈ, ਮਾਪਿਆਂ ਦੀ ਮਾਨਸਿਕਤਾ ਬਦਲਣ ਦੀ, ਤਾਂ ਜੋ ਉਹ ਆਪਣੇ ਬੱਚਿਆਂ ਨੂੰ ਵੱਖ-ਵੱਖ ਧੰਦੇ ਅਪਨਾਉਣ ਲਈ ਉਤਸ਼ਾਹਿਤ ਕਰਨ। ਨਵੇਂ ਕੰਮਾਂ ਵਿੱਚ ਜੋਖਿਮ ਘਟਾਉਣ ਲਈ ਸਵੈ-ਸਹਾਇਤਾ ਸਮੂਹ (SHGs) ਜਾਂ ਕਿਸਾਨ ਉਤਪਾਦਨ ਕੰਪਨੀਆਂ (FPOs) ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਇਸ ਵਿੱਚ ਗੈਰ-ਸਰਕਾਰੀ ਸੰਸਥਾਵਾਂ (NGOs) ਜਾਂ ਕ੍ਰਿਸ਼ੀ ਵਿਗਿਆਨ ਕੇਂਦਰ (KVKs) ਵੱਡੀ ਭੂਮਿਕਾ ਨਿਭਾ ਸਕਦੇ। ਬੈਂਕਾਂ ਦੁਆਰਾ ਵੱਖ-ਵੱਖ ਇਲਾਕਿਆਂ ਦੇ ਸਰਵੇ ਮੁਤਾਬਿਕ ਚੋਣਵੀਆਂ ਕਿਰਿਆਵਾਂ ਲਈ ਵਧੇਰੇ ਕਰਜ਼ੇ ਦੀ ਸਹੂਲਤ ਹੋਣੀ ਚਾਹੀਦੀ ਹੈ। ਗੈਰ-ਖੇਤੀ ਧੰਦਿਆਂ ਵਿੱਚ ਆਮ ਅਤੇ ਤਕਨੀਕੀ ਸਿੱਖਿਆ ਦੇ ਮਹੱਤਵ ਕਰਕੇ, ਪ੍ਰਾਂਤ ਵਿੱਚ ਸਿੱਖਿਆ ਪ੍ਰਣਾਲੀ ਨੂੰ ਇਸ ਪਾਸੇ ਵੱਲ ਮਜ਼ਬੂਤ ਕਰਨ ਦੀ ਲੋੜ ਹੈ, ਤਾਂ ਜੋ ਲੋਕ ਵਧੇਰੇ ਕੁਸ਼ਲ ਅਤੇ ਹੁਨਰਮੰਦ ਹੋਣ ਅਤੇ ਅਜੋਕੇ ਸਮੇਂ ਦੀ ਲੋੜ ਮੁਤਾਬਿਕ ਇਨ੍ਹਾਂ ਧੰਦਿਆਂ ਨੂੰ ਅਪਨਾ ਕੇ ਆਪਣੀ ਜੀਵਨ-ਸ਼ੈਲੀ ਦਾ ਪੱਧਰ ਉੱਚਾ ਚੁੱਕ ਸਕਣ।



# ਅੰਬ ਦੀ ਤੁੜਾਈ ਅਤੇ ਪਕਾਉਣ ਦੇ ਤਰੀਕੇ

**ਸਵਰੀਤ ਖਹਿਰਾ, ਨਵਪ੍ਰੇਮ ਸਿੰਘ ਅਤੇ ਬਿਕਰਮਜੀਤ ਸਿੰਘ,**
ਫਲ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

**ਫਲ ਦੇ ਪੱਕਣ ਦੀਆਂ ਨਿਸ਼ਾਨੀਆਂ** : ਰੰਗ ਦਾ ਬਦਲਣਾ (ਹਰੇ ਤੋਂ ਪੀਲਾ ਹੋਣਾ), ਡੰਡੀ ਵਾਲੇ ਪਾਸੇ ਮੋਢਿਆਂ ਦਾ ਬਣਨਾ, ਫਲ ਦੇ ਗੁੱਦੇ ਦਾ ਗਿੱਟਕ ਵਾਲੇ ਪਾਸਿਉਂ ਪੀਲਾ ਹੋਣਾ ਸ਼ੁਰੂ ਹੋਣਾ ਅਤੇ ਕੁੱਝ ਕਿਸਮਾਂ ਜਿਵੇਂ ਕਿ ਲੰਗੜਾ ਅਤੇ ਚੌਂਸਾ ਦਾ ਪਾਣੀ ਵਿੱਚ ਡੁੱਬ ਜਾਣਾ ਹਨ।

ਪੰਜਾਬ ਵਿੱਚ ਅੰਬ ਦੀਆਂ ਮੁੱਖ ਸਿਫਾਰਸ਼ ਕੀਤੀਆਂ ਕਿਸਮਾਂ ਦਸਹਿਰੀ, ਲੰਗੜਾ, ਅਲਫੈਂਜ਼ੋ ਅਤੇ ਚੂਪਣ ਵਾਲੇ ਅੰਬ (ਜੀ ਐਨ-1, ਜੀ ਐਨ-2, ਜੀ ਐਨ-3, ਜੀ ਐਨ-4, ਜੀ ਐਨ-5, ਜੀ ਐਨ-6, ਜੀ ਐਨ-7 ਅਤੇ ਗੰਗੀਆਂ ਸੰਧੂਰੀ (ਜੀ ਐਨ-19) ਹਨ। ਇਹ ਕਿਸਮਾਂ ਫਲ ਦੇ ਲੱਗਣ ਤੋਂ ਤਕਰੀਬਨ 15-16 ਹਫਤਿਆਂ ਬਾਅਦ ਪੱਕ ਜਾਂਦੀਆਂ ਹਨ।

ਅੰਬ ਦੇ ਫਲਾਂ ਨੂੰ ਉਸ ਵਕਤ ਤੋੜਨਾ ਚਾਹੀਦਾ ਹੈ, ਜਦੋਂ ਇਸ ਦਾ ਪੂਰਾ ਆਕਾਰ ਅਤੇ ਮਨਭਾਉਂਦਾ ਰੰਗ ਪ੍ਰਾਪਤ ਕਰ ਲੈਣ ਅਤੇ ਮਿਠਾਸ ਅਤੇ ਖੱਟੇ ਦੀ ਪੂਰੀ ਮਾਤਰਾ ਇਨ੍ਹਾਂ ਵਿੱਚ ਮੌਜੂਦ ਹੋਵੇ। ਅੰਬਾਂ ਦੇ ਪੱਕਣ ਦੀ ਪਹਿਲੀ ਨਿਸ਼ਾਨੀ ਕੁਦਰਤੀ ਟਪਕਾ ਜਾਂ ਟਪਕਣਾ ਹੁੰਦਾ ਹੈ ਜੋ ਉਸ ਦੀ ਤੁੜਾਈ ਸ਼ੁਰੂ ਕਰਨ ਦਾ ਸੰਕੇਤ ਕਰਦੀ ਹੈ। ਦੂਜਾ ਤਰੀਕਾ ਫਲਾਂ ਦੇ ਲੱਗਣ ਤੋਂ 90-110 ਦਿਨਾਂ ਬਾਅਦ ਤੋੜਨ ਲਈ ਤਿਆਰ ਹੋਣਾ ਮੰਨਿਆ ਜਾਂਦਾ ਹੈ। ਰੰਗਦਾਰ ਕਿਸਮਾਂ ਵਿੱਚ ਫਲ ਉੱਪਰ ਰੰਗ ਦਾ ਆ ਜਾਣਾ ਵੀ ਪੱਕਣ ਦੀ ਨਿਸ਼ਾਨੀ ਹੈ। ਅੰਬ ਦੀ ਘਣਤਾ ਵੀ ਉਸ ਦੇ ਪੱਕਣ ਦੀ ਨਿਸ਼ਾਨੀ ਹੈ। ਜੇ ਅੰਬ



ਪਾਣੀ ਵਿੱਚ ਡੋਬੇ ਜਾਣ ਤੇ ਇਹ ਡੁੱਬ ਜਾਣ ਤਾਂ ਇਸ ਦੀ ਘਣਤਾ ਤਕਰੀਬਨ 1.0 ਹੁੰਦੀ ਹੈ ਜੋ ਕਿ ਫਲ ਦੇ ਪੱਕਣ ਦਾ ਸੰਕੇਤ ਹੈ। ਫਲ ਦੇ ਪੱਕਣ ਦਾ ਅੰਦਾਜ਼ਾ ਇਸ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਉਸਦੇ ਗੁੱਦੇ ਦਾ ਰੰਗ ਚਿੱਟੇ ਤੋਂ ਹਲਕਾ ਪੀਲਾ ਹੋ ਗਿਆ ਹੈ ਅਤੇ ਉਸਦੀ ਗਿੱਟਕ ਸਖਤ ਹੋ ਗਈ ਹੈ।

**ਤੁੜਾਈ** : ਪੱਕਿਆ ਹੋਇਆ ਫਲ ਆਸਾਨੀ ਨਾਲ ਟਾਹਣੀ ਨਾਲੋਂ ਵੱਖ ਹੋ ਜਾਂਦਾ ਹੈ। ਅੰਬ ਤੁੜਾਈ ਉਪਰੰਤ ਪੱਕਣ ਵਾਲਾ ਫਲ ਹੈ ਅਤੇ ਇਸ ਲਈ ਜਦੋਂ ਫਲ ਪੂਰੀ ਤਰ੍ਹਾਂ ਤਿਆਰ ਪਰ ਸਖਤ ਹੋਣ ਉਦੋਂ ਤੋੜੋ। ਫਲਾਂ ਦੀ ਤੁੜਾਈ ਹਮੇਸ਼ਾਂ ਸਵੇਰੇ ਠੰਢੇ ਸਮੇਂ ਕਰਨੀ ਚਾਹੀਦੀ ਹੈ। ਦੂਰ ਦੀਆਂ ਮੰਡੀਆਂ ਲਈ ਫਲਾਂ ਦੀ ਤੁੜਾਈ ਸ਼ਾਮ ਸਮੇਂ ਕਰੋ। ਤੁੜਾਈ ਉਪਰੰਤ ਰਾਤ ਨੂੰ ਫਲਾਂ ਨੂੰ ਠੰਢਿਆਂ ਕਰਕੇ ਛਾਂਟੀ, ਦਰਜਾਬੰਦੀ ਅਤੇ ਡੱਬਾਬੰਦੀ ਕਰਨ ਮਗਰੋਂ ਸਵੇਰੇ ਤੜਕੇ ਹੀ ਮੰਡੀ ਲਈ ਭੇਜ ਦਿਉ। ਅੰਬ ਹਰੇ ਰੰਗ ਦੇ ਹੀ ਤੋੜ ਲੈਣੇ ਚਾਹੀਦੇ ਹਨ। ਤੁੜਾਈ ਸਮੇਂ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਫਲ ਧਰਤੀ 'ਤੇ ਨਾ ਡਿੱਗਣ।

ਕਈ ਵਾਰ ਵੱਧ ਮੁਨਾਫਾ ਕਮਾਉਣ ਲਈ ਫਲ ਨੂੰ ਪੱਕਣ ਤੋਂ ਪਹਿਲਾਂ ਹੀ ਤੋੜ ਲਿਆ ਜਾਂਦਾ ਹੈ। ਜੇ ਫਲ ਨੂੰ ਕੱਚਾ ਤੋੜ ਲਿਆ ਜਾਵੇ ਤਾਂ ਉਸ ਉੱਤੇ ਚਿੱਟੇ ਧੱਬੇ ਪੈ ਜਾਂਦੇ ਹਨ ਅਤੇ ਉਸ ਦੇ ਵਿੱਚ ਕਈਂ ਅੰਦਰੂਨੀ ਸਮੱਸਿਆਵਾਂ ਵੀ ਆ ਜਾਂਦੀਆਂ ਹਨ। ਅੰਬ ਦੀ ਛਿੱਲ ਫਟ ਜਾਵੇ ਤਾਂ ਉਸ ਵਿੱਚ ਬਿਮਾਰੀ ਲੱਗ ਜਾਂਦੀ ਹੈ ਅਤੇ ਫਲ ਖਰਾਬ ਹੋ ਜਾਂਦਾ ਹੈ। ਜ਼ਿਆਦਾ ਸਿੱਲ੍ਹੇ ਮੌਸਮ ਵਿੱਚ ਤੁੜਾਈ ਕਰਨ ਨਾਲ ਫਲਾਂ ਤੇ ਜੀਵਾਣੂਆਂ ਦਾ ਹਮਲਾ ਹੋਣ ਦੇ ਆਸਾਰ ਵੱਧ ਜਾਂਦੇ ਹਨ। ਅੰਬ ਦੀ ਤੁੜਾਈ ਦਾ ਸਮਾਂ ਮੰਡੀ ਦੀ ਦੂਰੀ, ਮੰਡੀ ਵਿੱਚ ਫਲ ਦੀ ਆਮਦ ਅਤੇ ਕੀਮਤ ਨੂੰ ਧਿਆਨ ਵਿੱਚ ਰੱਖ ਕੇ ਤਹਿ ਕਰਨਾ ਚਾਹੀਦਾ ਹੈ।

**ਤੁੜਾਈ ਦੇ ਢੰਗ** : ਅੰਬ ਪੌੜੀ ਲਾ ਕੇ ਹੱਥ ਨਾਲ ਤੋੜ ਕੇ ਥੈਲੇ ਵਿੱਚ ਪਾਉ ਜਾਂ ਅੰਬ ਪਿੱਕਰ (ਬਾਂਸ ਦੀ ਸੋਟੀ ਨਾਲ ਲੱਗੀ ਤਿੱਖੀ ਹੁੱਕ ਅਤੇ ਉਸ ਨਾਲ ਅੰਬ ਇਕੱਠੇ ਕਰਨ ਲਈ ਛਿੱਕੂ ਬੰਨਿਆ ਹੋਵੇ) ਨਾਲ ਕਰਨੀ ਚਾਹੀਦੀ ਹੈ। ਤੁੜਾਈ ਵੇਲੇ ਖਾਸ ਧਿਆਨ ਰੱਖੋ ਕਿ ਡੰਡੀ ਵਿੱਚੋਂ ਰਸ ਨਿਕਲ ਕੇ ਫਲ ਦੇ ਉੱਪਰ ਨਾ ਪਵੇ ਕਿਉਂਕਿ ਇਸ ਨਾਲ ਫਲ 'ਤੇ ਧੱਬੇ ਜਾਂ ਧਾਰੀਆਂ ਪੈ ਜਾਂਦੀਆਂ ਹਨ। ਤੋੜਨ ਤੋਂ ਤੁਰੰਤ ਮਗਰੋ ਫਲਾਂ ਨੂੰ ਛਾਂ ਹੇਠ ਹਵਾਦਾਰ ਥਾਂ ਜਾਂ ਸ਼ੈੱਡ ਵਿੱਚ ਹੌਲੀ ਹੌਲੀ ਢੇਰੀ ਕਰੋ।

**ਤੁੜਾਈ ਉਪਰੰਤ ਸਾਂਭ-ਸੰਭਾਲ ਅਤੇ ਮੰਡੀਕਰਨ** : ਲੋਕਾਂ ਨੂੰ ਵਧੀਆ ਗੁਣਵੱਤਾ ਦਾ ਫਲ ਮੁਹੱਈਆ ਕਰਾਉਣ ਅਤੇ ਕਾਸ਼ਤਕਾਰ ਨੂੰ ਵੱਧ ਮੁਨਾਫਾ ਦੇਣ ਲਈ ਤੁੜਾਈ ਉਪਰੰਤ ਫਲ ਦੀ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ। ਲਗਭਗ 20-25 ਪ੍ਰਤੀਸ਼ਤ ਪੱਕਾ ਹੋਇਆ ਫਲ ਤੁੜਾਈ, ਗਰੇਡਿੰਗ, ਪੈਕਿੰਗ ਅਤੇ ਪ੍ਰੋਸੈਸਿੰਗ ਸਹੀ ਨਾ ਹੋਣ ਕਾਰਨ ਖਰਾਬ ਹੋ ਜਾਂਦਾ ਹੈ।

**ਦਰਜਾਬੰਦੀ (ਗਰੇਡਿੰਗ) ਅਤੇ ਪੈਕਿੰਗ** : ਮੰਡੀ ਭੇਜਣ ਲਈ ਅੰਬਾਂ ਦੀ ਦਰਜਾਬੰਦੀ ਕਰਕੇ ਡੱਬਿਆਂ ਵਿੱਚ ਬੰਦ ਕਰਨਾ ਚਾਹੀਦਾ ਹੈ। ਇਹ ਦਰਜਾਬੰਦੀ ਆਕਾਰ, ਭਾਰ ਅਤੇ ਪੱਕਣ ਅਨੁਸਾਰ ਕੀਤੀ ਜਾਂਦੀ ਹੈ। ਦਰਜਾਬੰਦੀ ਕਰਦੇ ਸਮੇਂ ਨਕਾਰਾ, ਛੋਟੇ ਆਕਾਰ ਦੇ, ਕੱਚੇ, ਵੱਧ ਪੱਕੇ, ਬੇਢੱਬੇ, ਦਾਗੀ, ਪੰਛੀਆਂ ਦੁਆਰਾ ਖਰਾਬ ਕੀਤੇ ਫਲ ਵੱਖਰੇ ਕਰ ਦੇਣੇ ਚਾਹੀਦੇ ਹਨ। ਭਾਰ ਦੇ ਅਨੁਸਾਰ ਅੰਬਾਂ ਦੀ ਦਰਜਾਬੰਦੀ 'ਏ' ਗਰੇਡ (200-350 ਗ੍ਰਾਮ), 'ਬੀ' ਗਰੇਡ (351-550 ਗ੍ਰਾਮ) ਅਤੇ 'ਸੀ' ਗਰੇਡ (551-800 ਗ੍ਰਾਮ) ਦੇ ਹਿਸਾਬ ਨਾਲ ਕੀਤੀ ਜਾਂਦੀ ਹੈ। ਵੱਖ-ਵੱਖ ਗਰੇਡਾਂ ਵਿੱਚ ਵੰਡਣ ਉਪਰੰਤ ਅੰਬਾਂ ਨੂੰ 45-50 ਸੈਂਟੀਗਰੇਡ ਗਰਮ ਪਾਣੀ ਵਿੱਚ ਪਾ ਕੇ ਧੋ ਲਵੋ। ਫਲਾਂ ਨੂੰ ਫਿਰ ਸਟਾਫਰੈਸ਼ ਮੋਮ ਮਿਸ਼ਰਨ ਲਗਾ ਕੇ ਕੁੱਝ ਸਮਾਂ ਸੁੱਕਣ ਦਿਉ ਅਤੇ 45×25×25 ਸੈਂਟੀਮੀਟਰ ਦੇ 5 ਪਲਾਈ ਦੇ ਡੱਬੇ ਵਿੱਚ 2-3 ਤਹਿਆਂ ਵਿੱਚ ਬੰਦ ਕਰਕੇ ਮੰਡੀਕਰਨ ਕਰੋ।

**ਫਲਾਂ ਨੂੰ ਪਕਾਉਣਾ** : ਅੰਬਾਂ ਨੂੰ ਪਕਾਉਣ ਲਈ ਕਈ ਤਰੀਕੇ ਵਰਤੇ ਜਾਂਦੇ ਹਨ। ਭਾਰਤ ਵਿੱਚ 99 ਪ੍ਰਤੀਸ਼ਤ ਅੰਬ ਦਾ ਫਲ ਕੈਲਸ਼ੀਅਮ ਕਾਰਬਾਈਡ ਜਿਸ ਨੂੰ ਮਸਾਲਾ ਵੀ ਕਿਹਾ ਜਾਂਦਾ ਹੈ, ਨਾਲ ਪਕਾਇਆ ਜਾਂਦਾ ਹੈ। ਇਸ ਨਾਲ ਪਕਾਏ ਅੰਬ ਘੱਟ ਗੁਣਵੱਤਾ ਅਤੇ ਸੁਆਦ ਵਾਲੇ ਹੁੰਦੇ ਹਨ। ਭਾਰਤ ਸਰਕਾਰ ਵੱਲੋਂ ਇਸ ਜ਼ਹਿਰੀਲੇ ਰਸਾਇਣ ਨਾਲ ਫਲ ਪਕਾਉਣ 'ਤੇ ਪਾਬੰਦੀ ਲਗਾਈ ਗਈ ਹੈ। ਨਮੀਂ ਦੇ ਸੰਪਰਕ ਵਿੱਚ ਆਉਣ ਨਾਲ ਕੈਲਸ਼ੀਅਮ ਕਾਰਬਾਈਡ ਗਰਮੀ ਅਤੇ ਐਸਿਟੀਲੀਨ ਗੈਸ ਪੈਦਾ ਕਰਦਾ ਹੈ ਜੋ ਕਿ ਫਲ ਪਕਾਉਣ ਦਾ ਕੰਮ ਕਰਦੀ ਹੈ। ਐਸਿਟੀਲੀਨ ਗੈਸ ਦਿਮਾਗ ਨੂੰ ਆਕਸੀਜਨ ਦੀ ਸਪਲਾਈ ਘਟਾ ਦਿੰਦੀ ਹੈ ਜਿਸ ਨਾਲ ਦਿਮਾਗ ਦੀਆਂ ਨਸਾਂ ਪ੍ਰਭਾਵਿਤ ਹੁੰਦੀਆਂ ਹਨ।

ਚੰਗੀ ਤਰ੍ਹਾਂ ਪੱਕੇ ਅਤੇ ਵਧੀਆ ਗੁਣਵੱਤਾ ਦੇ ਫਲ ਲੈਣ ਲਈ ਸਭ ਤੋਂ ਸੁਰੱਖਿਅਤ ਤਰੀਕਾ ਐਥੀਫੋਨ ਦੀ ਵਰਤੋਂ ਕਰਕੇ ਅੰਬ ਪਕਾਉਣਾ ਹੈ। ਐਥੀਫੋਨ ਫਲ ਵਿੱਚ ਮਿਠਾਸ ਅਤੇ ਸਵਾਦ ਬਰਕਰਾਰ ਰੱਖਦਾ ਹੈ, ਗੁਣਵੱਤਾ ਵਿੱਚ ਵਾਧਾ ਕਰਦਾ ਹੈ ਅਤੇ ਇਕਸਾਰ ਰੰਗ ਦਿੰਦਾ ਹੈ। ਜੂਨ ਦੇ ਅਖੀਰ ਜਾਂ ਜੁਲਾਈ ਦੇ ਪਹਿਲੇ ਹਫਤੇ ਤੋੜ ਕੇ ਐਲਫੈਂਜ਼ੋ ਦੇ ਫਲ 4 ਦਿਨਾਂ ਵਿੱਚ ਪਕਾਏ ਜਾ ਸਕਦੇ ਹਨ। ਇਸ ਲਈ ਫਲਾਂ ਨੂੰ 600 ਪੀ ਪੀ ਐਮ ਐਥੀਫੋਨ (1.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ) ਦੇ ਘੋਲ ਵਿੱਚ 4 ਮਿੰਟਾਂ ਲਈ ਡੋਬੋ। ਇਸ ਉਪਰੰਤ ਅੰਬਾਂ ਨੂੰ ਚੰਗੀ ਤਰ੍ਹਾਂ ਸੁਕਾ ਕੇ ਕਾਗਜ਼ ਲੱਗੇ ਲੱਕੜ ਦੇ ਡੱਬਿਆਂ ਵਿੱਚ ਪੈਕ ਕਰ ਦਿਉ।

ਫਲਾਂ ਨੂੰ ਤੋੜਨ ਉਪਰੰਤ ਸਾਫ ਪਾਣੀ ਨਾਲ ਧੋ ਕੇ 0.01 ਫੀਸਦੀ ਕਲੋਰੀਨ ਵਾਲੇ ਪਾਣੀ (ਸੋਡੀਅਮ ਹਾਈਪੋਕਲੋਰਾਈਟ 4% 2.5 ਮਿਲੀਲਿਟਰ ਪ੍ਰਤੀ ਲੀਟਰ ਪ੍ਰਤੀ ਲੀਟਰ ਪਾਣੀ) ਵਿੱਚ ਡੁਬੋ ਕੇ ਕੀਟਾਣੂ ਰਹਿਤ ਕਰੋ ਅਤੇ ਛਾਂ ਹੇਠ ਸੁਕਾਉ। ਲੰਗੜਾ ਅਤੇ ਦੁਸਹਿਰੀ ਕਿਸਮਾਂ ਦੇ ਫਲਾਂ ਨੂੰ 4-5 ਦਿਨਾਂ ਵਿੱਚ ਪਕਾਉਣ ਲਈ ਫਲਾਂ ਨੂੰ ਪੱਕਣਯੋਗ ਅਵਸਥਾ 'ਤੇ ਤੋੜ ਕੇ ਗੱਤੇ ਦੇ ਡੱਬੇ ਵਿੱਚ ਕਾਗਜ਼ ਦੀ ਤਹਿ ਲਗਾ ਕੇ ਬੰਦ ਕਰੋ। ਇਸ ਉਪਰੰਤ ਇਸ ਨੂੰ 25 ਡਿਗਰੀ ਤਾਪਮਾਨ 'ਤੇ ਰੱਖਣ ਨਾਲ ਫਲ ਇਕਸਾਰ ਪੱਕ ਜਾਂਦੇ ਹਨ।

# ਕਿਚਨ ਗਾਰਡਨ : ਲਾਹਾ ਲਓ ਪੂਰਾ



**ਕਿਚਨ ਗਾਰਡਨ ਵਿੱਚੋਂ ਤੁਸੀਂ ਬਿਨਾਂ ਪੈਸਟੀਸਾਈਡਜ਼ ਵਾਲੀਆਂ ਸਬਜ਼ੀਆਂ ਅਤੇ ਸਾਗ ਹਾਸਿਲ ਕਰ ਸਕਦੇ ਹੋ। ਬਾਜ਼ਾਰ ਵਿੱਚ ਤਾਂ ਹਰ ਫਲ ਸਬਜ਼ੀ-ਸਾਗ ਕੀਟਨਾਸ਼ਕ ਦਵਾਈ ਵਾਲੀਆਂ ਹੀ ਮਿਲਦੀਆਂ ਹਨ। ਘਰ ਵਿੱਚ ਉੱਗੀ ਸਬਜ਼ੀ, ਸਾਗ ਤਾਂ ਤੁਸੀਂ ਜਾਣਦੇ ਹੀ ਹੋ ਕਿ ਸਾਫ਼ ਪਾਣੀ ਅਤੇ ਸਾਫ਼ ਮਿੱਟੀ ਵਿੱਚ ਪੈਦਾ ਕੀਤਾ ਗਿਆ ਹੈ।**

**ਤਾਜ਼ਾ ਜੜ੍ਹੀਆਂ ਬੂਟੀਆਂ** : ਬਾਲਕੋਨੀ ਵਿੱਚ ਗਮਲੇ ਰੱਖ ਕੇ ਤੁਲਸੀ, ਕੜੀਪੱਤਾ ਤਾਂ ਸੌਖਿਆਂ ਹੀ ਲਗਾਇਆ ਜਾ ਸਕਦਾ ਹੈ। ਸਭ ਜਾਣਦੇ ਹਨ ਕਿ ਤੁਲਸੀ ਅਤੇ ਕੜੀਪੱਤਾ ਏਨੇ ਲਾਹੇਵੰਦ ਜੜ੍ਹੀਆਂ ਬੂਟੀਆਂ ਹਨ, ਜਿਨ੍ਹਾਂ ਨੂੰ ਜਦੋਂ ਵੀ ਜ਼ਰੂਰਤ ਪਵੇ, ਤੋੜ ਕੇ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਕੜੀਪੱਤੇ ਦੀ ਵਰਤੋਂ ਅਕਸਰ ਲੋਕ ਸਬਜ਼ੀ ਵਿੱਚ ਤੜਕਾ ਲਗਾਉਣ ਲਈ ਕਰਦੇ ਹਨ। ਇਸ ਨਾਲ ਸੁਗੰਧ ਵੀ ਚੰਗੀ ਆਉਂਦੀ ਹੈ, ਇਹ ਸਿਹਤ ਲਈ ਵੀ ਲਾਭਕਾਰੀ ਹੈ। ਤੁਲਸੀ ਦੀ ਖੰਘ, ਜ਼ੁਕਾਮ, ਬੁਖਾਰ ਹੋਣ 'ਤੇ ਵੱਖ-ਵੱਖ ਢੰਗਾਂ ਨਾਲ ਵਰਤੋਂ ਕੀਤੀ ਜਾ ਸਕਦੀ ਹੈ।

**ਬਿਨਾਂ ਦਵਾਈਆਂ ਵਾਲੇ ਸਬਜ਼ੀ ਅਤੇ ਸਾਗ** : ਕਿਚਨ ਗਾਰਡਨ ਵਿੱਚੋਂ ਤੁਸੀਂ ਬਿਨਾਂ ਪੈਸਟੀਸਾਈਡਜ਼ ਵਾਲੀਆਂ ਸਬਜ਼ੀਆਂ ਅਤੇ ਸਾਗ ਹਾਸਿਲ ਕਰ ਸਕਦੇ ਹੋ। ਬਾਜ਼ਾਰ ਵਿੱਚ ਤਾਂ ਹਰ ਫਲ ਸਬਜ਼ੀ-ਸਾਗ ਕੀਟਨਾਸ਼ਕ ਦਵਾਈ ਵਾਲੀਆਂ ਹੀ ਮਿਲਦੀਆਂ ਹਨ। ਘਰ ਵਿੱਚ ਉੱਗੀ ਸਬਜ਼ੀ, ਸਾਗ ਤਾਂ ਤੁਸੀਂ ਜਾਣਦੇ ਹੀ ਹੋ ਕਿ ਸਾਫ਼ ਪਾਣੀ ਅਤੇ ਸਾਫ਼ ਮਿੱਟੀ ਵਿੱਚ ਪੈਦਾ ਕੀਤਾ ਗਿਆ ਹੈ।

**ਸਸਤੀਆਂ ਪੈਂਦੀਆਂ ਹਨ ਘਰ ਦੀਆਂ ਸਬਜ਼ੀਆਂ** : ਜੇਕਰ ਥਾਂ ਜ਼ਿਆਦਾ ਹੈ ਜਾਂ ਛੱਤ 'ਤੇ ਖੇਤੀ ਕਰਨ ਦੀ ਪੂਰੀ ਜਾਣਕਾਰੀ ਹੈ ਤਾਂ ਤੁਸੀਂ ਜੋ ਸਬਜ਼ੀਆਂ ਘਰ ਵਿੱਚ ਲਗਾਉਂਦੇ ਹੋ, ਉਹ ਸਸਤੀਆਂ ਪੈਂਦੀਆਂ ਹਨ ਅਤੇ ਬਾਜ਼ਾਰ ਵੀ ਜਾਣ ਦੀ ਜ਼ਰੂਰਤ ਨਹੀਂ ਪੈਂਦੀ।

**ਸਿਹਤ ਲਈ ਲਾਭਕਾਰੀ** : ਧਨੀਆ, ਪੁਦੀਨਾ, ਕੜੀਪੱਤਾ, ਤੁਲਸੀ ਘਰ ਵਿੱਚ ਜ਼ਿਆਦਾ ਮਾਤਰਾ ਵਿੱਚ ਲਗਾਓ ਤਾਂ ਇਨ੍ਹਾਂ ਦੀ ਜ਼ਿਆਦਾ ਵਰਤੋਂ ਕਰਕੇ ਤੁਸੀਂ ਆਪਣੀ ਸਿਹਤ ਠੀਕ ਰੱਖ ਸਕਦੇ ਹੋ। ਬਾਹਰੋਂ ਇਨ੍ਹਾਂ ਨੂੰ ਲਿਆਉਣ 'ਤੇ ਅਸੀਂ ਭੁੱਲ ਵੀ ਜਾਂਦੇ ਹਾਂ ਅਤੇ ਤਾਜ਼ੇ ਪੱਤੇ ਵੀ ਹਾਸਿਲ ਨਹੀਂ ਹੋ ਸਕਦੇ। ਘਰ ਵਿੱਚ ਹੋਣ ਕਾਰਨ ਤੁਸੀਂ ਇਨ੍ਹਾਂ ਦੀ ਵਰਤੋਂ ਜ਼ਿਆਦਾ ਕਰ ਸਕਦੇ ਹੋ।

**ਕੀੜੇ-ਮਕੌੜਿਆਂ ਤੋਂ ਵੀ ਬਚਾਅ** : ਜੇਕਰ ਬਾਲਕੋਨੀ ਖਾਲੀ ਪਈ ਰਹੇਗੀ, ਤਾਂ ਉਸ ਵਿੱਚ ਅਸੀਂ ਫਾਲਤੂ ਸਾਮਾਨ ਰੱਖਦੇ ਜਾਵਾਂਗੇ, ਜੋ ਕੀੜੇ-ਮਕੌੜਿਆਂ ਨੂੰ ਸੱਦਾ ਦੇਵੇਗਾ। ਜੇਕਰ ਅਸੀਂ ਬੂਟੇ ਲਗਾਵਾਂਗੇ ਤਾਂ ਉਨ੍ਹਾਂ ਦੀ ਸਫ਼ਾਈ ਵੀ ਹੁੰਦੀ ਰਹੇਗੀ ਅਤੇ ਤੁਲਸੀ, ਗੇਂਦੇ ਦੇ ਬੂਟਿਆਂ 'ਤੇ ਕੀੜੇ-ਮਕੌੜੇ ਵੀ ਘੱਟ ਆਉਣਗੇ। ਥਾਂ ਦੀ ਸਹੀ ਵਰਤੋਂ ਵੀ ਹੋਵੇਗੀ।

**ਸਮੇਂ ਦੀ ਸਹੀ ਵਰਤੋਂ** : ਖਾਲੀ ਸਮੇਂ ਵਿੱਚ ਟੀ. ਵੀ. ਦੇਖਣ ਜਾਂ ਹੋਰਾਂ ਬਾਰੇ ਚਰਚਾ ਕਰਨ ਨਾਲੋਂ ਚੰਗਾ ਹੈ ਗਾਰਡਨਿੰਗ ਕਰਨਾ। ਸ਼ੁਰੂ ਵਿੱਚ ਮਾਲੀ ਦੀ ਸਹਾਇਤਾ ਨਾਲ ਗਾਰਡਨਿੰਗ ਕਰਨਾ ਸਿੱਖੋ, ਫਿਰ ਹੌਲੀ-ਹੌਲੀ ਆਪਣੇ ਸ਼ੌਕ ਵਿੱਚ ਇਸ ਨੂੰ ਸ਼ਾਮਿਲ ਕਰੋ। ਸੰਤੁਸ਼ਟੀ ਵੀ ਮਿਲੇਗੀ ਅਤੇ ਸਮੇਂ ਦੀ ਸਹੀ ਵਰਤੋਂ ਵੀ ਹੋਵੇਗੀ ਅਤੇ ਵਿਚਾਰਾਂ ਵਿੱਚ ਸਾਕਾਰਾਤਮਿਕਤਾ ਵੀ ਬਣੀ ਰਹੇਗੀ।

- ਸਾਰਿਕਾ

------ ਬਾਕੀ ਸਫਾ 7 ਦੀ ------

# ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ

ਲਈ 30 ਮਿਲੀਲੀਟਰ ਕੋਰਾਜ਼ਨ 18.5 ਐਸ ਸੀ ਨੂੰ 60 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਇਸ ਦੀ ਰੋਕਥਾਮ ਟ੍ਰਾਈਕੋਗਰਮਾ ਮਿੱਤਰ ਕੀੜੇ ਨਾਲ ਵੀ ਕੀਤੀ ਜਾ ਸਕਦੀ ਹੈ ।

ਫਾਲ ਅਰਮੀਵਰਮ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ । ਵੱਡੀਆਂ ਸੁੰਡੀਆਂ ਗੋਭ ਨੂੰ ਲੱਗਭਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿੱਚ ਵਿੱਠਾਂ ਕਰਦੀਆਂ ਹਨ । ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ । ਇਸ ਕੀੜੇ ਦੇ ਵਾਧੇ ਅਤੇ ਫਲਾਅ ਨੂੰ ਸੀਮਿਤ ਕਰਨ ਲਈ ਮੱਕੀ ਦੀ ਬਿਜਾਈ ਨਾਲ ਲਗਦੇ ਖੇਤਾਂ ਵਿੱਚ ਥੋੜ੍ਹੇ-ਥੋੜ੍ਹੇ ਵਕਫੇ 'ਤੇ ਨਾ ਕਰੋ । ਇਸ ਕੀੜੇ ਦੀ ਰੋਕਥਾਮ ਲਈ 0.4 ਮਿਲੀਲੀਟਰ ਕੋਰਾਜ਼ਨ 18.5 ਐੱਸ ਸੀ (ਕਲੋਰਐਂਟਰਾਨਿਲੀਪੋਲ) ਜਾਂ 0.5 ਮਿਲੀਲੀਟਰ ਡੈਲੀਗੇਟ 11.7 ਐੱਸ ਸੀ (ਸਪਾਈਨੋਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲੀਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ । ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ । ਜੇ ਹਮਲਾ ਧੌੜੀਆਂ ਵਿੱਚ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਮਿਸ਼ਰਣ ਬਣਾਉਣ ਲਈ 5 ਮਿਲੀਲੀਟਰ ਕੋਰਾਜ਼ਨ 18.5 ਐੱਸ ਸੀ ਜਾਂ ਡੈਲੀਗੇਟ 11.7 ਐੱਸ ਸੀ ਜਾਂ 5 ਗ੍ਰਾਮ ਮਿਜ਼ਾਈਲ 5 ਐੱਸ ਜੀ ਨੂੰ 10 ਮਿਲੀਲੀਟਰ ਪਾਣੀ ਵਿੱਚ ਘੋਲ ਕੇ ਇਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ । ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਓ ।

**ਕਮਾਦ**

ਜੇਕਰ ਗੰਨੇ ਦੀ ਫਸਲ ਦੇ ਮੁੱਢਾਂ 'ਤੇ ਮਿੱਟੀ ਚੜ੍ਹਾਉਣ ਦਾ ਕੰਮ ਕਰ ਲਿਆ ਹੈ ਤਾਂ ਠੀਕ ਹੈ ਨਹੀਂ ਤਾਂ ਜੁਲਾਈ ਤੇ ਪਹਿਲੇ ਹਫਤੇ ਕਰ ਦਿਉ । ਜੇਕਰ ਖੇਤਾਂ ਵਿੱਚ ਜ਼ਿਆਦਾ ਪਾਣੀ ਹੋਵੇ ਤਾਂ ਉਹ ਕੱਢ ਦਿਉ । ਆਗ ਦੇ ਗੜੂੰਏਂ ਦੀ ਰੋਕਥਾਮ



ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ, ਪਰ ਇਹ ਕੰਮ ਜੁਲਾਈ ਦੇ ਪਹਿਲੇ ਹਫਤੇ ਤੱਕ ਕਰੋ । ਦਾਣੇਦਾਰ ਜ਼ਹਿਰ ਸਿਰਫ ਉਦੋਂ ਹੀ ਪਾਓ, ਜਦੋਂ ਹਮਲਾ 5% ਤੋਂ ਜ਼ਿਆਦਾ ਹੋਵੇ । ਟਰਾਈਕੋਕਾਰਡਾਂ ਦੇ ਨਾਲ 10 ਫੈਰੋਮੋਨ ਟਰੈਪ ਪ੍ਰਤੀ ਏਕੜ ਦੀ ਵਰਤੋਂ ਕਰਕੇ ਵੀ ਇਸ ਕੀੜੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

**ਮੂੰਗਫਲੀ**


ਵਧੀਆ ਝਾੜ ਲੈਣ ਲਈ ਮੋਟੀਆਂ ਗਿਰੀਆਂ ਦੀ ਵਰਤੋਂ ਕਰੋ । ਬਾਰਾਨੀ ਜ਼ਮੀਨਾਂ ਵਿੱਚ ਜੁਲਾਈ ਦੇ ਪਹਿਲੇ ਹਫਤੇ ਬੀਜੀ ਗਈ ਮੂੰਗਫਲੀ ਦੀ ਫਸਲ ਨੂੰ ਗਿੱਚੀ ਗਲਣ ਦੇ ਰੋਗ ਤੋਂ ਬਚਾਉਣ ਲਈ ਉੱਲੀਨਾਸ਼ਕ ਦਵਾਈ ਨਾਲ ਸੋਧੋ । ਇਕ ਕਿਲੋ ਗਿਰੀਆਂ ਲਈ 2 ਮਿਲੀਲੀਟਰ ਨਿਊਨਿਕਸ 20 ਐਫ ਐਸ (ਇਮਿਡਾ-ਕਲੋਪਰਿਡ 18.5% + ਹੈਕਸਾਕੋਨਾਜ਼ੋਲ 1.5%) ਜਾਂ 1.5 ਗ੍ਰਾਮ ਸੀਡੈਕਸ ਜਾਂ 5 ਗ੍ਰਾਮ ਥੀਰਮ ਜਾਂ 3 ਗ੍ਰਾਮ ਇੰਡੋਫਿਲ ਐਮ-45 ਦੀ ਵਰਤੋਂ ਕਰੋ । ਨਿਊਨਿਕਸ ਨਾਲ ਬੀਜ ਦੀ ਸੋਧ ਕਰਨ 'ਤੇ ਚਿੱਟੀ ਸੁੰਡੀ ਅਤੇ ਸਿਉਂਕ ਦੀ ਰੋਕਥਾਮ ਹੋ ਜਾਂਦੀ ਹੈ । 13 ਕਿਲੋ ਯੂਰੀਆ, 50 ਕਿਲੋ ਸਿੰਗਲ ਸੁਪਰਫਾਸਫੇਟ ਖਾਦ ਅਤੇ 17 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਪ੍ਰਤੀ ਏਕੜ ਦੇ ਹਿਸਾਬ ਵਰਤੋਂ । ਜੇਕਰ ਮੂੰਗਫਲੀ ਕਣਕ ਤੋਂ ਬਾਅਦ ਬੀਜੀ ਗਈ ਹੈ ਅਤੇ ਸਿਫਾਰਿਸ਼ ਕੀਤੀ ਫਾਸਫੋਰਸ ਪਾਈ ਗਈ ਸੀ ਤਾਂ ਸੁਪਰ ਫਾਸਫੇਟ ਨਾ ਪਾਓ । ਜ਼ਿੰਕ ਦੀ ਘਾਟ ਪੂਰੀ ਕਰਨ ਲਈ 25 ਕਿਲੋ ਜ਼ਿੰਕ ਸਲਫੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ (33%) ਪ੍ਰਤੀ ਏਕੜ ਪਾਓ । ਜ਼ਿੰਕ ਸਲਫੇਟ ਦੀ ਏਨੀ ਮਿਕਦਾਰ ਦੋ-ਤਿੰਨ ਸਾਲ ਫ਼ਸਲ ਪੈਦਾ ਕਰਨ ਲਈ ਕਾਫ਼ੀ ਹੈ ।

**ਦਾਲਾਂ** : ਮਾਂਹ (ਮਾਂਹ-883, ਮਾਂਹ-114, ਮਾਂਹ-338) ਦੀ ਬਿਜਾਈ ਜੁਲਾਈ ਦੇ ਪਹਿਲੇ ਹਫਤੇ ਅਤੇ ਮੂੰਗੀ ਐਮ ਐੱਲ-1808, ਐਮ ਐੱਲ-2056 ਅਤੇ ਐਮ ਐਲ-818 ਕਿਸਮਾਂ ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਵਿੱਚ ਕਰੋ । ਪਿਛੇਤੀ ਬਿਜਾਈ ਕਾਰਨ ਫਸਲ ਦਾ ਝਾੜ ਘਟਦਾ ਹੈ । ਮਾਂਹ/ਮੂੰਗੀ ਜਾਂ ਅਰਹਰ ਵਿੱਚੋਂ ਨਦੀਨ ਮਾਰਨ ਲਈ ਇੱਕ ਜਾਂ ਦੋ ਗੋਡੀਆਂ ਕਰੋ । ਮੂੰਗੀ ਨੂੰ 11 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ ਮਾਂਹ ਨੂੰ 11 ਕਿਲੋ ਯੂਰੀਆ ਤੇ 60 ਕਿਲੋ ਸਿੰਗਲ ਸੁਪਰਫਾਸਫੇਟ ਬਿਜਾਈ ਵੇਲੇ ਹੀ ਪਾਓ । ਚੰਗੇ ਝਾੜ ਲਈ ਬੀਜ ਨੂੰ ਸਿਫਾਰਿਸ਼ ਕੀਤੇ ਰਾਈਜ਼ੋਬੀਅਮ ਦੇ ਟੀਕੇ ਨਾਲ ਸੋਧ ਲਓ । ਤੰਬਾਕੂ ਦੀ ਸੁੰਡੀ ਦੀ ਰੋਕਥਾਮ ਲਈ ਇਸ ਦੇ ਆਂਡੇ ਅਤੇ ਛੋਟੀਆਂ ਸੁੰਡੀਆਂ ਦੇ ਝੁੰਡਾਂ ਵਿੱਚ ਖਾਂਦੀਆਂ ਹਨ, ਪੱਤਿਆਂ ਸਮੇਤ ਨਸ਼ਟ ਕਰ ਦਿਉ ।

**ਹਰੇ ਚਾਰੇ** : ਸਾਉਣੀ ਦੇ ਹਰੇ ਚਾਰੇ ਲਗਾਤਾਰ ਲੈਣ ਲਈ ਕੁਝ ਵਕਫੇ ਤੇ ਚਾਰੇ ਬੀਜਦੇ ਰਹੋ । ਪਿਛੇਤੇ ਚਾਰੇ ਲਈ ਚਰ੍ਹੀ ਦੀ ਬਿਜਾਈ ਕਰੋ । ਜੇਕਰ ਰਵਾਂਹ ਬੀਜ ਲਈ ਬੀਜਣਾ ਹੈ ਤਾਂ ਜੁਲਾਈ ਦੇ ਦੂਸਰੇ ਪੰਦਰਵਾੜੇ ਇਸ ਦੀ ਬਿਜਾਈ ਕਰ ਦਿਉ । ਗੈਰ ਫਲੀਦਾਰ ਚਾਰਾ ਕੱਟ ਕੇ ਫਲੀਦਾਰ ਚਾਰਾ ਜਿਵੇਂ ਕਿ ਗੁਆਰਾ ਜਾਂ ਰਵਾਂਹ ਵਿੱਚ ਰਲਾ ਕੇ ਵਰਤੋ ।

**ਸਬਜ਼ੀਆਂ**

**ਬੈਂਗਣ** : ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਬੈਂਗਣ ਦੀਆਂ ਪੀ ਬੀ



ਐਚ ਆਰ-41, ਪੀ ਬੀ ਐਚ ਆਰ-42, ਪੀ ਬੀ ਐਚ-3, ਪੀ ਬੀ ਐਚ ਐਲ-5, ਪੀ ਬੀ ਐਚ-6, ਪੰਜਾਬ ਰੌਣਕ, ਪੰਜਾਬ ਭਰਪੂਰ ਅਤੇ ਪੰਜਾਬ ਹਿੰਮਤ ਹਾਈਬ੍ਰਿਡ ਕਿਸਮਾਂ ਦਾ 300-400 ਗ੍ਰਾਮ ਬੀਜ 10-15 ਸੈ. ਮੀ. ਉੱਚੀਆਂ ਇੱਕ ਮਰਲੇ ਦੀਆਂ ਕਿਆਰੀਆਂ ਵਿੱਚ ਬੀਜੋ । ਬਿਜਾਈ ਤੋਂ ਪਹਿਲਾਂ ਬੀਜ ਨੂੰ 3 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ । ਬੈਂਗਣਾਂ ਵਿੱਚ ਫਲ ਅਤੇ ਸ਼ਾਖਾਂ ਦੇ ਗੜੂੰਏਂ ਦੀ ਰੋਕਥਾਮ ਲਈ 80 ਮਿਲੀਲੀਟਰ ਕੋਰਾਜ਼ਨ 18.5 ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਜੀ ਨੂੰ 100 ਤੋਂ 125 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

**ਮੂਲੀ** : ਮੂਲੀ ਦੀ ਪੂਸਾ ਚੇਤਕੀ ਕਿਸਮ ਇਸ ਮਹੀਨੇ ਵਿੱਚ ਬਿਜਾਈ ਲਈ ਢੁੱਕਵੀਂ ਹੈ । ਪੂਸਾ ਚੇਤਕੀ ਕਿਸਮ ਦੀ ਮੂਲੀ ਛੋਟੀ ਅਤੇ ਦਰਮਿਆਨੀ ਮੋਟੀ ਚਿੱਟੇ ਰੰਗ ਦੀ ਅਤੇ ਅੱਗੋਂ ਖੁੰਡੀ ਹੁੰਦੀ ਹੈ । ਇਸ ਦੇ ਪੱਤੇ ਛੋਟੇ ਅਤੇ ਪੂਰੇ ਹੁੰਦੇ ਹਨ । 4-5 ਕਿਲੋ ਬੀਜ ਇੱਕ ਏਕੜ ਦੀ ਬਿਜਾਈ ਲਈ ਵਰਤੋ ਅਤੇ ਕਤਾਰਾਂ ਵਿੱਚ 45 ਸੈਂ. ਮੀ. ਅਤੇ ਬੂਟਿਆਂ ਵਿਚਕਾਰ 7.5 ਸੈਂ. ਮੀ. ਫਾਸਲਾ ਰੱਖੋ ।

**ਭਿੰਡੀ** : 4-6 ਕਿਲੋ ਬੀਜ ਪ੍ਰਤੀ ਏਕੜ ਬੀਜੋ ਅਤੇ ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਪਾਣੀ ਵਿੱਚ ਭਿਉਂ



ਦਿਉ । ਪੰਜਾਬ ਸੁਹਾਵਣੀ ਅਤੇ ਪੰਜਾਬ ਲਾਲਿਮਾ ਕਿਸਮਾਂ ਇਸ ਰੁੱਤ ਲਈ ਢੁੱਕਵੀਂ ਹੈ । 15-20 ਟਨ ਗਲੀ ਸੜੀ ਰੂੜੀ ਅਤੇ 40 ਕਿਲੋ ਯੂਰੀਆ ਪ੍ਰਤੀ ਏਕੜ ਆਮ ਜ਼ਮੀਨਾਂ ਵਿੱਚ ਬਿਜਾਈ ਵੇਲੇ ਪਾਓ । ਯੂਰੀਆ ਦੀ ਦੂਜੀ ਕਿਸ਼ਤ (40 ਕਿਲੋ ਪ੍ਰਤੀ ਏਕੜ) ਪਹਿਲੀ ਤੁੜਾਈ ਉਪਰੰਤ ਪਾਓ ।

**ਰਵਾਂਹ** : ਕਾਉਪੀਜ਼-263 ਕਿਸਮ ਦਾ 8-10 ਕਿਲੋ ਬੀਜ ਇਕ ਏਕੜ ਦੀ ਬਿਜਾਈ ਲਈ ਕਤਾਰਾਂ ਵਿਚਕਾਰ 45 ਸੈਂਟੀਮੀਟਰ ਅਤੇ ਪੌਦਿਆਂ ਵਿਚਕਾਰ 15 ਸੈ.ਮੀ. ਦੇ ਫਾਸਲੇ ਤੇ ਬੀਜੋ । 45 ਕਿਲੋ ਯੂਰੀਆ, 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਬਿਜਾਈ ਵੇਲੇ ਪਾਓ ।

**ਕੱਦੂ ਜਾਤੀ ਦੀਆਂ ਸਬਜ਼ੀਆਂ** : ਕੱਦੂ ਜਾਤੀ ਦੀਆਂ ਸਬਜ਼ੀਆਂ ਵਿੱਚ ਘੀਆ ਕੱਦੂ, ਘੀਆ ਤੋਰੀ, ਕਰੇਲਾ ਅਤੇ ਟੀਂਡੇ ਦਾ 2 ਕਿਲੋ ਬੀਜ ਪ੍ਰਤੀ ਏਕੜ ਅਤੇ ਵੰਗੇ ਦਾ 1 ਕਿਲੋ ਪ੍ਰਤੀ ਏਕੜ ਸਿਫਾਰਿਸ਼ ਮੁਤਾਬਿਕ ਬੀਜੋ ।

**ਫੁੱਲ ਗੋਭੀ** : ਫੁੱਲ ਗੋਭੀ ਦੀਆਂ ਅਗੇਤੀਆਂ ਢੁੱਕਵੀਆਂ ਕਿਸਮਾਂ 45×30 ਸੈ. ਮੀ. ਦੇ ਫਾਸਲੇ ਖੇਤ ਵਿੱਚ ਲਾਓ । 40 ਟਨ ਗਲੀ ਸੜੀ ਰੂੜੀ, 55 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਵਰਤੋ । ਯੂਰੀਆ ਦੀ ਦੂਜੀ ਕਿਸ਼ਤ (55 ਕਿਲੋ ਪ੍ਰਤੀ ਏਕੜ) ਲੁਆਈ ਤੋਂ ਚਾਰ ਹਫਤੇ ਬਾਅਦ ਪਾਓ ।

**ਸ਼ਕਰਕੰਦੀ** : ਸ਼ਕਰਕੰਦੀ ਦੀ ਕਿਸਮ ਪੰਜਾਬ, ਸ਼ਕਰਕੰਦੀ-21 ਦੀਆਂ ਵੇਲਾਂ ਤੋਂ ਬਣਾਈਆਂ ਹੋਈਆਂ 25,000-30,000 ਕਟਿੰਗ ਵੱਟਾਂ 'ਤੇ 60 ਸੈਂਟੀਮੀਟਰ ਅਤੇ ਪੌਦਿਆਂ ਵਿਚਕਾਰ 30 ਸੈਂਟੀਮੀਟਰ ਦੇ ਫਾਸਲੇ 'ਤੇ ਲਾਓ । 10 ਟਨ ਰੂੜੀ ਦੀ ਖਾਦ, 125 ਕਿਲੋ ਕਿਸਾਨ ਖਾਦ, 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਵਧੀਆ ਫ਼ਸਲ ਲੈਣ ਲਈ ਪਾਓ ।

**ਬਾਗਬਾਨੀ :**

1. ਜੁਲਾਈ ਦਾ ਮਹੀਨਾ ਸਦਾਬਹਾਰ ਫਲਦਾਰ ਬੂਟਿਆਂ ਜਿਵੇਂ ਕਿ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਬੇਰ ਅਤੇ ਪਪੀਤੇ ਦੇ ਬਾਗਾਂ ਦੀ ਲਵਾਈ ਲਈ ਢੁੱਕਵਾਂ ਹੈ ।

2. ਜ਼ਿਆਦਾ ਬਾਰਸ਼ਾਂ ਕਾਰਨ ਕਈ



ਵਾਰ ਬਾਗਾਂ ਵਿੱਚ ਜ਼ਿਆਦਾ ਪਾਣੀ ਖੜ੍ਹਾ ਹੋ ਸਕਦਾ ਹੈ, ਇਹ ਵਾਧੂ ਪਾਣੀ ਬਾਗਾਂ ਵਿੱਚੋਂ ਬਾਹਰ ਕੱਢ ਦਿਓ । ਕਿਉਂਕਿ ਇਹ ਵਾਧੂ ਖੜ੍ਹਾ ਪਾਣੀ ਬੂਟਿਆਂ ਦਾ ਨੁਕਸਾਨ ਕਰ ਸਕਦਾ ਹੈ ।

3. ਖਾਲੀ ਜ਼ਮੀਨ ਤੇ ਅੰਤਰ ਫਸਲਾਂ ਦੀ ਕਾਸ਼ਤ ਅਤੇ ਹਰੀ ਖਾਦ ਲਈ ਸਾਉਣੀ ਦੀਆਂ ਫਲੀਦਾਰ ਫਸਲਾਂ ਜਿਵੇਂ ਕਿ ਮੂੰਗੀ, ਮਾਂਹ, ਜੰਤਰ ਆਦਿ ਬੀਜ ਦਿਓ ।

4. ਨਾਖਾਂ ਦੇ ਫਲਾਂ ਨੂੰ ਬਗੈਰ ਟਾਹਣੀਆਂ ਦੀ ਟੁੱਟ-ਭੱਜ ਦੇ ਤੋੜੋ ।

5. ਬੇਰਾਂ ਦੇ ਪੂਰੇ ਤਿਆਰ ਦਰਖਤਾਂ ਨੂੰ 500 ਗ੍ਰਾਮ ਯੂਰੀਆ ਪ੍ਰਤੀ ਬੂਟਾ ਇਸ ਮਹੀਨੇ ਪਾ ਦਿਓ ।

6. ਕਿੰਨੂ ਵਿੱਚ ਝੜ ਅਤੇ ਫਲਾਂ ਦੀ ਗੁਣਵੱਤਾ ਸੁਧਾਰਨ ਲਈ ਪੋਟਾਸ਼ੀਅਮ ਨਾਈਟ੍ਰੇਟ (1.0 ਪ੍ਰਤੀਸ਼ਤ) ਦਾ ਛਿੜਕਾਅ ਕਰੋ (1.0 ਕਿੱਲੋ ਪ੍ਰਤੀ 100 ਲੀਟਰ ਪਾਣੀ) ।

7. ਚੂਨੇ ਦੀ ਕਲੀ ਤਣੇ ਦੁਆਲੇ ਦੂਸਰੀ ਵਾਰ ਫੇਰ ਦਿਓ ਕਿਉਂਕਿ ਅਜਿਹਾ ਕਰਨ ਨਾਲ ਤਣਾ ਗਰਮੀ ਤੋਂ ਬਚਿਆ ਰਹੇਗਾ ।

8. ਨਿੰਬੂ ਜਾਤੀ ਦੇ ਕੀੜਿਆਂ ਦੀ ਰੋਕਥਾਮ ਲਈ 200 ਮਿ.ਲਿ ਕਰੋਕੋਡਾਇਲ / ਕੰਨਫੀਡੋਰ 17.8 ਐਸ ਐਸ (ਇਮੀਡਾਕਲੋਪਰਿਡ) ਜਾਂ 160 ਗ੍ਰਾਮ ਐਕਟਾਰਾ (ਥਾਇਆਮੈਥਾਕਸਮ) ਜਾਂ 6.25 ਲੀਟਰ ਮੈਕ ਐਚ ਐਮ ਓ ਨੂੰ 500 ਲੀਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ । ਇਹ ਘੋਲ ਇੱਕ ਏਕੜ ਦੇ ਪੂਰੇ ਤਿਆਰ ਬਾਗ ਲਈ ਕਾਫੀ ਹੈ ।

9. ਨਿੰਬੂ ਅਤੇ ਅੰਗੂਰਾਂ ਵਿੱਚ ਮਿਲੀਬੱਗ ਦੀ ਰੋਕਥਾਮ ਲਈ ਸਮੇਂ-ਸਮੇਂ 'ਤੇ ਪੱਤਿਆਂ ਦੇ ਹੇਠਲੇ ਪਾਸੇ, ਨਰਮ ਟਾਹਣੀਆਂ, ਜ਼ਮੀਨ ਨਾਲ ਛੂੰਹਦੀਆਂ ਟਾਹਣੀਆਂ ਅਤੇ ਫਲਾਂ ਦੀ ਜਾਂਚ ਕਰਦੇ ਰਹੋ । ਬਾਗਾਂ ਨੂੰ ਸਾਫ-ਸੁਥਰਾ ਰੱਖਣ ਲਈ ਨਦੀਨਾਂ ਅਤੇ ਘਾਹ ਦੀ ਰੋਕਥਾਮ ਕਰੋ । ਦਰੱਖਤ ਦੀਆਂ ਟਹਿਣੀਆਂ ਦੀ ਕਾਂਟ-ਛਾਂਟ ਇਸ ਢੰਗ ਨਾਲ ਕਰੋ ਕਿ ਉਹ ਜ਼ਮੀਨ ਨੂੰ ਨਾ ਲੱਗਣ । ਹਮਲੇ ਹੇਠ ਆਈਆਂ ਟਹਿਣੀਆਂ ਨੂੰ ਕੱਟ ਕੇ ਨਸ਼ਟ ਕਰ ਦਿਓ । ਬਾਗਾਂ 'ਚੋਂ ਕੀੜੀਆਂ / ਕਾਢਿਆਂ ਦੇ ਭੌਣ ਨੂੰ ਨਸ਼ਟ ਕਰੋ ।

10. ਨਿੰਬੂ ਜਾਤੀ ਦੇ ਟਾਹਣੀਆਂ ਸੁੱਕਣ ਦੇ ਰੋਗ, ਸਕੈਬ ਅਤੇ ਕੋਹੜ ਰੋਗ ਨੂੰ ਰੋਕਣ ਲਈ ਬੋਰਡੋ ਮਿਸ਼ਰਣ (2 : 2 : 250) ਦਾ ਛਿੜਕਾਅ 15 ਦਿਨਾਂ ਦੇ ਵਕਫੇ 'ਤੇ ਕਰੋ ।

11. ਨਿੰਬੂ ਜਾਤੀ ਦੇ ਪੈਰੋਂ ਗਲ਼ਣ ਦੇ ਰੋਗ (ਫਾਈਟਪਥੋਰਾ ਰੋਗ) ਦੀ ਰੋਕਥਾਮ ਲਈ ਬੂਟਿਆਂ ਦੀ ਛੱਤਰੀ ਹੇਠ ਜ਼ਮੀਨ ਅਤੇ ਮੁੱਖ ਤਣਿਆਂ ਉੱਪਰ 50 ਮਿਲੀਲੀਟਰ ਸੋਡੀਅਮ ਹਾਈਪੋਕਲੋਰਾਈਟ (5%) ਨੂੰ 10 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟਾ ਪਾਇਆ ਜਾ ਸਕਦਾ ਹੈ । ਇਸ ਉਪਚਾਰ ਨੂੰ 2 ਸਾਲ ਲਗਾਤਾਰ ਪਾਉਣ ਤੋਂ ਬਾਅਦ ਮਿੱਟੀ ਪਰਖ ਰਿਪੋਰਟ ਦੇ ਆਧਾਰ ਤੇ ਪਾਓ । ਸੋਡੀਅਮ ਹਾਈਪੋਕਲੋਰਾਈਟ ਦੀ ਸਪਰੇਅ ਤੋਂ ਇਕ ਹਫਤਾ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਦੀ ਪਾਊਡਰ ਬਾਇਓ-ਫਾਰਮੂਲੇਸ਼ਨ ਨੂੰ 2.5 ਕਿਲੋ ਰੂੜੀ ਨਾਲ ਮਿਲਾ ਕੇ ਬੂਟੇ ਦੇ ਮੁੱਢ ਅਤੇ ਘੇਰੇ ਵਿੱਚ ਪਾਉਣ ਨਾਲ ਇਸ ਬਿਮਾਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

12. ਅੰਗੂਰਾਂ ਦੇ ਬੂਟਿਆਂ ਨੂੰ ਕੋਹੜ ਦੇ ਰੋਗ ਤੋਂ ਬਚਾਉਣ ਲਈ ਜੁਲਾਈ ਦੇ ਪਹਿਲੇ ਅਤੇ ਅਖੀਰਲੇ ਹਫਤੇ ਵਿੱਚ ਬੋਰਡੋ ਮਿਸ਼ਰਣ (2 : 2 : 250) ਦਾ ਛਿੜਕਾਅ 500 ਲੀਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

13. ਅਮਰੂਦਾਂ ਵਿੱਚ ਫਲ ਦੀ ਮੱਖੀ ਦੀ ਰੋਕਥਾਮ ਲਈ ਜੁਲਾਈ ਦੇ ਪਹਿਲੇ ਹਫਤੇ ਪੀ ਏ ਯੂ ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਲਾਓ । ਬਾਗਾਂ ਵਿੱਚ ਫਲ ਦੀ ਮੱਖੀ ਗ੍ਰਸਤ ਫਲਾਂ ਨੂੰ ਲਗਾਤਾਰ ਇਕੱਠਾ ਕਰਕੇ ਦਬਾਉਂਦੇ ਰਹੋ । ਬਰਸਾਤ ਰੁੱਤ ਦੇ ਅਮਰੂਦਾਂ ਨੂੰ ਫਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ ਪੂਰੇ ਵੱਡੇ ਪਰ ਸਖਤ ਹਰੇ ਫਲਾਂ ਚਿੱਟੇ ਰੰਗ ਦੇ ਨਾਨ-ਵੂਵਨ ਲਿਫਾਫਿਆਂ ਨਾਲ ਢਕਿਆ ਜਾ ਸਕਦਾ ਹੈ । ਫਲਾਂ ਨੂੰ ਲਗਾਤਾਰ ਵਾਚਦੇ ਰਹੋ ਅਤੇ ਸਹੀ ਪਕਾਅ 'ਤੇ ਇਨ੍ਹਾਂ ਦੀ ਤੁੜਾਈ ਕਰ ਲਵੋ ।

ਚੱਲਦਾ




# ਤਬਾਹੀ ਮਚਾ ਰਹੀ ਆਲਮੀ ਤਪਸ਼

ਸੁਰਜੀਤ ਸਿੰਘ ਫਲੋਰਾ
647-829-9397

**ਜਰਨਲ ਆਫ ਗਲੋਬਲ ਹੈਲਥ ਵਿਚ ਪ੍ਰਕਾਸ਼ਿਤ ਪੇਪਰਾਂ ਦੇ ਇਕ ਨਵੇਂ ਸੰਗ੍ਰਹਿ ਅਨੁਸਾਰ, ਗਰਭਵਤੀ ਔਰਤਾਂ, ਨਵਜੰਮੇ ਬੱਚੇ, ਬੱਚੇ, ਕਿਸ਼ੋਰ ਅਤੇ ਬਜ਼ੁਰਗ ਲੋਕ ਜਲਵਾਯੂ ਪਰਿਵਰਤਨ ਕਾਰਨ ਗੰਭੀਰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਫਿਰ ਵੀ ਇਨ੍ਹਾਂ ਸਮੂਹਾਂ ਦੀਆਂ ਵਿਸ਼ੇਸ਼ ਲੋੜਾਂ ਨੂੰ ਵੱਡੇ ਪੱਧਰ 'ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ 'ਚ ਛਪੇ ਲੇਖ ਜੀਵਨ ਵਿਚ ਮੁੱਖ ਪੜਾਵਾਂ 'ਤੇ ਵੱਖ-ਵੱਖ ਜਲਵਾਯੂ ਖਤਰਿਆਂ ਦਾ ਸਿਹਤ 'ਤੇ ਪਏ ਅਸਰਾਂ ਅਤੇ ਉਪਲੱਬਧ ਵਿਗਿਆਨਕ ਸਬੂਤਾਂ ਦਾ ਦਸਤਾਵੇਜ਼ੀਕਰਨ ਕਰਦੇ ਹਨ।**

## ਜਲਵਾਯੂ ਤਬਦੀਲੀ ਸਿਹਤ ਲਈ ਖਤਰਾ

ਇਨ੍ਹਾਂ ਲੇਖਾਂ 'ਚ ਗਰਮੀ ਦੀਆਂ ਲਹਿਰਾਂ ਤੋਂ ਲੈ ਕੇ ਹਵਾ ਪ੍ਰਦੂਸ਼ਣ ਅਤੇ ਜੰਗਲੀ ਅੱਗ ਅਤੇ ਹੜ੍ਹ ਵਰਗੀਆਂ ਕੁਦਰਤੀ ਆਫਤਾਂ ਤੱਕ ਦਾ ਵਰਨਣ ਹੈ ਪਰ ਛੋਟੇ ਅਤੇ ਬਜ਼ੁਰਗ ਲੋਕਾਂ ਲਈ ਅਤੇ ਗਰਭ ਅਵਸਥਾ ਦੌਰਾਨ, ਗੰਭੀਰ ਜਾਨਲੇਵਾ ਪ੍ਰਭਾਵਾਂ ਦੇ ਨਾਲ, ਜਲਵਾਯੂ ਸਬੰਧੀ ਸਿਹਤ ਜੋਖਮਾਂ ਨੂੰ ਮਹੱਤਵਪੂਰਨ ਤੌਰ 'ਤੇ ਘੱਟ ਸਮਝਿਆ ਗਿਆ ਹੈ। ਜਿਸ ਲਈ ਲੋਕਾਂ ਨੂੰ ਭਾਰੀ ਕੀਮਤ ਦਾ ਭੁਗਤਾਨ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰ ਕੇ ਕਰਨਾ ਪੈ ਰਿਹਾ ਹੈ। ਉਦਾਹਰਨ ਵਜੋਂ ਲੈਂਦੇ ਹੋਏ, ਲੇਖ ਵਿਚ ਦਰਸਾਇਆ ਹੈ ਕਿ ਸਮੇਂ ਤੋਂ ਪਹਿਲਾਂ ਜਨਮ, ਬਚਪਨ 'ਚ ਹੁੰਦੀਆਂ ਮੌਤਾਂ ਦਾ ਮੁੱਖ ਕਾਰਨ ਗਰਮੀ ਦੀਆਂ ਲਹਿਰਾਂ ਦਾ ਵਧਣਾ ਹੈ, ਜਦੋਂ ਕਿ ਬਜ਼ੁਰਗ ਲੋਕਾਂ ਨੂੰ ਦਿਨ ਦੇ ਦੌਰੇ ਜਾਂ ਸਾਹ ਲੈਣ ਵਿਚ ਤਕਲੀਫ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। 23.9 ਡਿਗਰੀ ਸੈਲਸੀਅਸ ਤੋਂ ਵੱਧ ਰੋਜ਼ਾਨਾ ਘੱਟੋ-ਘੱਟ ਤਾਪਮਾਨ ਵਿਚ ਹਰੇਕ ਵਾਧੂ ਇਕ ਡਿਗਰੀ ਸੈਲਸੀਅਸ (1 ਡਿਗਰੀ ਸੈਲਸੀਅਸ) ਬਾਲ ਮੌਤ ਦੇ ਜੋਖਮ ਨੂੰ 22.4 ਪ੍ਰਤੀਸ਼ਤ ਤੱਕ ਵਧਾਉਂਦਾ ਦਿਖਾਇਆ ਗਿਆ ਹੈ। ਇਹ ਅਧਿਐਨ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਜਲਵਾਯੂ ਪਰਿਵਰਤਨ ਬਹੁਤ ਵੱਡੀ ਵੱਡੀ ਪੱਧਰ 'ਤੇ ਸਿਹਤ ਲਈ ਖਤਰਾ ਪੈਦਾ ਕਰ ਰਹੇ ਹਨ, ਅਤੇ ਇਹ ਕਿ ਕੁਝ ਆਬਾਦੀ ਪਹਿਲਾਂ ਹੀ ਭਾਰੀ ਕੀਮਤ ਅਦਾ ਕਰ ਰਹੀ ਹੈ।

## ਸਰੀਰਕ ਤੇ ਮਾਨਸਿਕ ਸਿਹਤ 'ਤੇ ਪ੍ਰਭਾਵ

ਡਾ. ਅੰਜੂ ਬੈਨਰਜੀ ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਕ ਨੇ ਕਿਹਾ ਕਿ ਜਦੋਂ ਜਲਵਾਯੂ ਪਰਿਵਰਤਨ ਬਾਰੇ ਜਾਗਰੂਕਤਾ ਵਧੀ ਹੈ, ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਦੇ ਜੀਵਨ ਨੂੰ ਸੁਰੱਖਿਅਤ ਕਰਨ ਲਈ ਕਾਰਵਾਈਆਂ ਨੇ ਮੁਸ਼ਕਿਲ ਨਾਲ ਉਸ ਚੀਜ਼ ਦੀ ਸਤ੍ਹਾ ਨੂੰ ਖੁਰਚਿਆ ਹੈ ਜਿਸ ਦੀ ਲੋੜ ਹੈ। ਉਸਨੇ ਅਗੇ ਕਿਹਾ ਜਲਵਾਯੂ ਨਿਆਂ ਦੀ ਪ੍ਰਾਪਤੀ ਲਈ, ਇਸ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ। ਡਬਲਿਊ ਐਸ ਓ ਦੇ ਮਾਹਿਰਾਂ ਅਤੇ ਦੁਨੀਆਂ ਭਰ ਦੇ ਅਕਾਦਮਿਕਾਂ ਦੁਆਰਾ ਲਿਖੇ ਗਏ, ਕਲਾਈਮੇਟ ਚੇਂਜ ਐਕਰੋਸ ਦਿ ਲਾਈਫ ਕੋਰਸ ਸਿਰਲੇਖ ਵਾਲਾ ਸੰਗ੍ਰਹਿ, ਵੱਖ-ਵੱਖ ਜਲਵਾਯੂ ਖਤਰਿਆਂ ਕਾਰਨ ਪੈਦਾ ਹੋਣ ਵਾਲੇ ਖਾਸ ਸਰੀਰਕ ਅਤੇ ਮਾਨਸਿਕ ਸਿਹਤ ਪ੍ਰਭਾਵਾਂ ਵੀ ਰਿਪੋਰਟ ਕਰਦਾ ਹੈ।

## ਉਚ ਤਾਪਮਾਨ ਦਿੰਦਾ ਜਾਨਲੇਵਾ ਰੋਗਾਂ ਨੂੰ ਸੱਦਾ

ਉਚ ਤਾਪਮਾਨ ਦੇ ਮਾੜੇ ਨਤੀਜਿਆਂ 'ਚ ਅਚਨਚੇਤੀ ਜਨਮ ਅਤੇ ਮਰੇ ਹੋਏ ਬੱਚੇ ਦਾ ਜਨਮ, ਨਾਲ ਹੀ ਗਰਭ ਅਵਸਥਾ ਵਿਚ ਹਾਈਪਰਟੈਨਸ਼ਨ ਅਤੇ ਗਰਭਕਾਲੀ ਸ਼ੂਗਰ ਸ਼ਾਮਲ ਹਨ। ਗਰਮੀ ਦੀਆਂ ਲਹਿਰਾਂ ਬੋਧਾਤਮਕ ਕਾਰਜਾਂ ਨੂੰ ਪ੍ਰਭਾਵਤ ਕਰਦੀਆਂ ਹਨ ਅਤੇ, ਇਸ ਲਈ, ਬੱਚਿਆਂ ਅਤੇ ਕਿਸ਼ੋਰਾਂ ਲਈ ਸਿੱਖਣ ਨੂੰ ਪ੍ਰਭਾਵਤ ਕਰਦੀਆਂ ਹਨ, ਜਦੋਂ ਕਿ ਬਜ਼ੁਰਗ ਲੋਕਾਂ ਵਿਚ ਦਿਲ ਦੇ ਦੌਰੇ ਅਤੇ ਸਾਹ ਦੀਆਂ ਜਟਿਲਤਾਵਾਂ ਵਧਦੀਆਂ ਹਨ। ਨਾਲ ਹੀ ਵਾਤਾਵਰਣ ਦਾ ਪ੍ਰਦੂਸ਼ਣ ਗਰਭ ਅਵਸਥਾ ਦੌਰਾਨ ਹਾਈ ਬਲੱਡ ਪ੍ਰੈਸ਼ਰ, ਘੱਟ ਜਨਮ ਵਜ਼ਨ, ਸਮੇਂ ਤੋਂ ਪਹਿਲਾਂ ਜਨਮ, ਅਤੇ ਭਰੂਣ ਦੇ ਦਿਮਾਗ ਅਤੇ ਫੇਫੜਿਆਂ ਦੇ ਵਿਕਾਸ ਤੇ ਨਾਂਹ-ਪੱਖੀ ਪ੍ਰਭਾਵਾਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਇਹ ਬੱਚਿਆਂ ਅਤੇ ਬਜ਼ੁਰਗ ਲੋਕਾਂ ਵਿਚ ਸਾਹ ਦੀ ਬਿਮਾਰੀ ਦੇ ਜੋਖਮ ਨੂੰ ਵਧਾਉਂਦਾ ਹੈ, ਜਿਨ੍ਹਾਂ ਨੂੰ ਕੈਂਸਰ, ਕਾਰਡੀਓਵੈਸਕੁਲਰ ਬਿਮਾਰੀ ਅਤੇ ਨਮੂਨੀਆ ਦੇ ਵਧੇਰੇ ਜੋਖਮ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਜਲਵਾਯੂ-ਸਬੰਧਤ ਕੁਦਰਤੀ ਆਫਤਾਂ ਦਾ ਮਾਨਸਿਕ ਅਤੇ ਸਰੀਰਕ ਸਿਹਤ 'ਤੇ ਅਹਿਮ ਪ੍ਰਭਾਵ ਪੈਂਦਾ ਹੈ, ਹੜ੍ਹ ਅਤੇ ਸੋਕਾ ਸੁਰੱਖਿਅਤ ਪਾਣੀ ਅਤੇ ਭੋਜਨ ਸਪਲਾਈ ਤੱਕ ਪਹੁੰਚ ਨੂੰ ਘਟਾਉਂਦਾ ਹੈ। ਦਸਤ ਦੀਆਂ ਬਿਮਾਰੀਆਂ ਅਤੇ ਕੁਪੋਸ਼ਣ ਨੂੰ ਵਧਾਉਂਦਾ ਹੈ। ਜੰਗਲ ਦੀ ਅੱਗ ਬਜ਼ੁਰਗ ਲੋਕਾਂ ਲਈ ਸਾਹ ਦੀਆਂ ਬਿਮਾਰੀਆਂ ਅਤੇ ਕਾਰਡੀਓਵੈਸਕੁਲਰ ਮੌਤ ਦਰ ਨੂੰ ਵਧਾਉਣ ਲਈ ਦਿਖਾਈ ਗਈ ਹੈ। ਹਾਲਾਂਕਿ ਜਲਵਾਯੂ ਪਰਿਵਰਤਨ ਹਰ ਕਿਸੇ ਨੂੰ ਪ੍ਰਭਾਵਿਤ ਕਰਦਾ ਹੈ, ਜਲਵਾਯੂ-ਸਬੰਧਤ ਵਿਸਥਾਪਨ ਅਤੇ ਵਿਘਨ ਉਨ੍ਹਾਂ ਲੋਕਾਂ ਲਈ ਗੰਭੀਰ ਨਤੀਜੇ ਹਨ ਜਿਨ੍ਹਾਂ ਨੂੰ ਸਿਹਤ ਸੇਵਾਵਾਂ ਅਤੇ ਸਮਾਜਿਕ ਸਹਾਇਤਾ ਤੱਕ ਨਿਯਮਤ ਪਹੁੰਚ ਦੀ ਲੋੜ ਹੁੰਦੀ ਹੈ। ਨਵਜੰਮੇ ਬੱਚਿਆਂ ਅਤੇ ਬਜ਼ੁਰਗਾਂ ਦੇ ਨਾਲ-ਨਾਲ ਗਰਭਵਤੀ ਔਰਤਾਂ ਵਿਚ ਖਾਸ ਸਰੀਰਕ ਜੋਖਮ ਦੇ ਕਾਰਕ ਹੋ ਸਕਦੇ ਹਨ, ਜਿਵੇਂ ਕਿ ਤਾਪਮਾਨ ਨਿਯਮ ਵਿਚ ਮੁਸ਼ਕਲ, ਡੀਹਾਈਡਰੇਸ਼ਨ ਦੀ ਕਮਜ਼ੋਰੀ, ਅਤੇ/ਜਾਂ ਕਮਜ਼ੋਰ ਇਮਿਊਨ ਸਿਸਟਮ। ਉਨ੍ਹਾਂ ਨੂੰ ਜਲਵਾਯੂ ਪਰਿਵਰਤਨ ਅਤੇ ਸਬੰਧਿਤ ਆਫਤਾਂ ਦੇ ਅਸਿੱਧੇ ਪ੍ਰਭਾਵਾਂ, ਜਿਵੇਂ ਕਿ ਭੋਜਨ ਅਤੇ ਪਾਣੀ ਦੀ ਕਮੀ ਅਤੇ ਵੈਕਟਰ ਅਤੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਵਿਚ ਵਾਧਾ ਦੇ ਅਸਿੱਧੇ ਪ੍ਰਭਾਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

## ਗਰੀਨ ਹਾਊਸ ਗੈਸਾਂ ਦੇ ਨਿਕਾਸ ਦਾ ਅਸਰ

ਇਕ ਸਿਹਤਮੰਦ ਵਾਤਾਵਰਣ ਜੀਵਨ ਭਰ ਦੀ ਸਿਹਤ ਨੂੰ ਦਰਸਾਉਂਦਾ ਹੈ। ਬਚਪਨ ਅਤੇ ਜਵਾਨੀ ਵਿਚ ਸਿਹਤਮੰਦ ਵਿਕਾਸ ਅਤੇ ਸਿਹਤਮੰਦ ਗਰਭ-ਅਵਸਥਾ ਅਤੇ ਸਿਹਤਮੰਦ ਬੁਢਾਪੇ ਨੂੰ ਸਮਰੱਥ ਬਣਾਉਂਦਾ ਹੈ। ਅਨਾਇਦਾ ਪੋਰਟੇਲਾ ਦੇ ਵਿਗਿਆਨੀ ਨੇ ਕਿਹਾ ਹੈ ਕਿ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾ ਕੇ ਅਤੇ ਜਲਵਾਯੂ ਲਚਕੀਲਾਪਣ ਬਣਾਉਣ ਲਈ ਜਲਵਾਯੂ ਤਬਦੀਲੀ ਨੂੰ ਘਟਾਉਣ ਦੀ ਤੁਰੰਤ ਲੋੜ ਹੈ। ਜੀਵਨ ਦੇ ਇਨ੍ਹਾਂ ਵੱਖ-ਵੱਖ ਪੜਾਵਾਂ 'ਤੇ ਸਿਹਤ ਦੀ ਰੱਖਿਆ ਕਰਨ ਵਾਲੀਆਂ ਖਾਸ ਕਾਰਵਾਈਆਂ ਕਰਨ ਲਈ ਅਤੇ ਮੌਸਮੀ ਆਫਤਾਂ ਦੇ ਵਾਪਰਨ ਵੇਲੇ ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਲਈ ਸਿਹਤ ਸੇਵਾਵਾਂ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣ ਲਈ ਕਦਮ ਪੁੱਟਣ ਦੀ ਲੋੜ ਹੈ।

## ਜੋਖਮ ਘੱਟ ਕਰਨ ਲਈ ਯੋਜਨਾਵਾਂ ਉਲੀਕਣੀਆਂ

ਬੋਧਾਤਮਕ ਰੁਕਾਵਟਾਂ ਖਾਸ ਕਰਕੇ ਆਬਾਦੀ ਲਈ ਵੱਖ-ਵੱਖ ਜਲਵਾਯੂ ਖਤਰਿਆਂ ਦੇ ਸਿਹਤ ਪ੍ਰਭਾਵਾਂ ਦਾ ਦਸਤਾਵੇਜ਼ੀਕਰਨ ਕਰ ਕੇ, ਖੋਜਕਰਤਾਵਾਂ ਦਾ ਉਦੇਸ਼ ਸਰਕਾਰਾਂ ਅਤੇ ਪ੍ਰੋਗਰਾਮਾਂ ਨੂੰ ਜੋਖਮਾਂ ਨੂੰ ਹੱਲ ਕਰਨ ਅਤੇ ਕਾਰਵਾਈ ਕਰਨ ਦੀ ਯੋਜਨਾ ਬਣਾਉਣ ਵਿਚ ਮਦਦ ਕਰਨਾ ਹੈ।

ਵਰਤਮਾਨ ਵਿਚ, ਕੁਝ ਜਲਵਾਯੂ ਅਨੁਕੂਲਨ ਉਪਾਅ ਔਰਤਾਂ, ਨਿਆਣਿਆਂ, ਬੱਚਿਆਂ ਅਤੇ ਕਿਸ਼ੋਰਾਂ ਦੀਆਂ ਖਾਸ ਲੋੜਾਂ ਲਈ ਤਿਆਰ ਕੀਤੇ ਗਏ ਹਨ। ਉਪਾਵਾਂ ਵਿਚ ਅਤਿਅੰਤ ਮੌਸਮੀ ਘਟਨਾਵਾਂ ਅਤੇ ਵੱਧਦੇ ਤਾਪਮਾਨਾਂ ਲਈ ਬੱਚਿਆਂ ਦੀ ਦੇਖਭਾਲ, ਸਮਾਜਿਕ ਦੇਖਭਾਲ ਅਤੇ ਵਿਦਿਅਕ ਪ੍ਰਣਾਲੀਆਂ ਨੂੰ ਤਿਆਰ ਕਰਨਾ ਸ਼ਾਮਲ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਹਰ ਉਮਰ ਦੇ ਲੋਕਾਂ ਨੂੰ ਜਲਵਾਯੂ ਕਾਰਵਾਈ, ਸੰਵਾਦ ਅਤੇ ਯੋਜਨਾਬੰਦੀ ਵਿਚ ਸ਼ਾਮਲ ਕਰਨਾ ਹੋਣਾ ਚਾਹੀਦਾ ਹੈ। ਸਾਲ 2023, 170 ਤੋਂ ਵੱਧ ਸਾਲਾਂ ਵਿਚ ਰਿਕਾਰਡ ਤੇ ਸਭ ਤੋਂ ਗਰਮ ਸਾਲ ਸੀ, ਅਤੇ ਜੰਗਲੀ ਅੱਗ ਤੋਂ ਲੈ ਕੇ ਚੱਕਰਵਾਤ, ਹੜ੍ਹਾਂ ਅਤੇ ਬਹੁਤ ਜ਼ਿਆਦਾ ਗਰਮੀ ਤੱਕ ਕਈ ਮੌਸਮੀਂ ਸੰਕਟ ਕਾਲ ਸਨ।

## ਦਮਨਕਾਰੀ ਗਰਮੀ ਨੇ ਲਈਆਂ ਕਈ ਜਾਨਾਂ

ਜਿਵੇਂ ਕਿ 7 ਮਈ, 2024 ਨੂੰ ਭਾਰਤ ਵਿਚ ਤਾਪਮਾਨ 110 ਡਿਗਰੀ ਫਾਰਨਹੀਟ (43.3 ਸੈਲਸੀਅਸ) ਤੋਂ ਵੱਧ ਦੇ ਨਾਲ, ਅਪ੍ਰੈਲ ਅਤੇ ਮਈ 2024 ਵਿਚ ਏਸ਼ੀਆ ਦੇ ਵੱਡੇ ਖੇਤਰਾਂ ਵਿਚ ਇਕ ਘਾਤਕ ਹੀਟਵੇਵ ਨੇ ਹਫਤਿਆਂ ਲਈ ਆਪਣੀ ਲਪੇਟ ਵਿਚ ਲਿਆ। ਦਮਨਕਾਰੀ ਗਰਮੀ ਦੇ ਸਿਆਸਤਦਾਨਾਂ, ਸਥਾਨਕ ਖਬਰਾਂ ਦੇ ਘੋਸ਼ਣਾਕਰਤਾਵਾਂ ਅਤੇ ਵੋਟਰਾਂ ਨੂੰ ਬੇਹੋਸ਼ ਕਰ ਦਿੱਤਾ।

ਜਪਾਨ ਤੋਂ ਲੈ ਕੇ ਫਿਲੀਪੀਨਜ਼ ਤੱਕ, ਲਗਾਤਾਰ ਗਰਮੀ ਨੇ ਰੋਜ਼ਾਨਾ ਜੀਵਨ ਨੂੰ ਵਿਗਾੜ ਦਿੱਤਾ ਕੰਬੋਡੀਆ ਵਿਚ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਘਰ ਭੇਜ ਦਿੱਤਾ ਗਿਆ ਕਿਉਂਕਿ ਹੱਥ ਵਿਚ ਫੜੇ ਹੋਏ ਪੱਖੇ ਮਾੜੇ, ਹਵਾਦਾਰ ਕਲਾਸਰੂਮਾਂ ਵਿਚ ਥੋੜ੍ਹੀ ਰਾਹਤ ਪ੍ਰਦਾਨ ਕਰਦੇ ਹਨ। ਕਿਸਾਨਾਂ ਨੇ ਫਸਲਾਂ ਨੂੰ ਸੁੱਕਦੇ ਹੋਏ ਅਤੇ ਪਸ਼ੂਆਂ ਦੀਆਂ ਸੂਰਜ ਦੀ ਗਰਮੀ ਨਾ ਸਹਿੰਦੇ ਹੋਏ ਸੈਂਕੜੇ ਮੌਤਾਂ ਹੁੰਦੀਆਂ ਦੇਖੀਆਂ।

## ਸੰਕਟ ਤੇ ਹੋਰ ਜਾਨਲੇਵਾ ਹੋਣ ਦੀ ਸੰਭਾਵਨਾ

ਦੁਨੀਆਂ ਨੂੰ ਹਾਲ ਹੀ ਦੇ ਸਾਲਾਂ ਵਿਚ ਬਹੁਤ ਜ਼ਿਆਦਾ ਗਰਮੀ ਦਾ ਸਾਹਮਣਾ ਕਰਨਾ ਪਿਆ ਹੈ। 2023 'ਚ ਦੱਖਣ-ਪੱਛਮੀ ਸੰਯੁਕਤ ਰਾਜ ਵਿਚ ਇਕ ਹਫਤਾ ਲੰਬੀ ਗਰਮੀ ਦੀ ਲਹਿਰ ਨੂੰ 31 ਦਿਨਾਂ ਲਈ ਸਹਿਣ ਕੀਤਾ ਗਿਆ। ਯੂਰਪ ਨੂੰ ਬੇਮਿਸਾਲ ਤਾਪਮਾਨ ਦਾ ਸਾਹਮਣਾ ਕਰਨਾ ਪਿਆ ਜਿਸ ਨੇ ਸੈਂਕੜੇ ਲੋਕਾਂ ਨੂੰ ਮਾਰਿਆ। ਗ੍ਰੀਸ ਅਤੇ ਕੈਨੇਡਾ ਵਿਚ ਜੰਗਲੀ ਅੱਗ ਦਾ ਸਾਹਮਣਾ ਕੀਤਾ। ਬੁਢੇ ਤੇ ਬਾਲਗ ਖਾਸ ਤੌਰ 'ਤੇ ਬਹੁਤ ਜ਼ਿਆਦਾ ਗਰਮੀ ਦਾ ਸ਼ਿਕਾਰ ਹੁੰਦੇ ਹਨ, ਅਤੇ ਇਹ ਸੰਕਟ ਹੋਰ ਵਿਗੜਨ ਦੀ ਉਮੀਦ ਹੈ।

## ਉਮਰਦਰਾਜ ਲੋਕਾਂ ਦੀ ਵੱਧ ਰਹੀ ਹੈ ਗਿਣਤੀ

ਜਲਵਾਯੂ ਪਰਿਵਰਤਨ ਅਤੇ ਆਬਾਦੀ ਦੀ ਉਮਰ ਵਧਣ ਤੇ ਸਾਡੀ ਖੋਜ ਪਰੇਸ਼ਾਨ ਕਰਨ ਵਾਲੇ ਦੋ ਰੁਝਾਨਾਂ ਨੂੰ ਪ੍ਰਗਟ ਕਰਦੀ ਹੈ। ਪਹਿਲਾ, ਵਿਸ਼ਵ ਦਾ ਤਾਪਮਾਨ ਪਹਿਲਾਂ ਨਾਲੋਂ ਜ਼ਿਆਦਾ ਗਰਮ ਹੈ। 2015-2023 ਰਿਕਾਰਡ ਤੇ ਸਭ ਤੋਂ ਗਰਮ ਸਮਾਂ ਰਿਹਾ ਹੈ। ਦੂਜਾ, ਵਿਸ਼ਵਵਿਆਪੀ ਆਬਾਦੀ ਉਮਰਦਰਾਜ ਹੋ ਰਹੀ ਹੈ, 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦੀ ਸੰਖਿਆ 2050 ਤੱਕ ਦੁੱਗਣੀ ਹੋ ਕੇ 2.1 ਬਿਲੀਅਨ ਹੋ ਜਾਣ ਦੀ ਉਮੀਦ ਹੈ, ਜੋ ਆਬਾਦੀ ਦਾ 21 ਪ੍ਰਤੀਸ਼ਤ ਬਣਦਾ ਹੈ।

## ਬਜ਼ੁਰਗਾਂ ਨੂੰ ਬਚਾਉਣ ਲਈ ਰਣਨੀਤੀ ਦੀ ਲੋੜ

ਨੀਤੀ ਨਿਰਮਾਤਾਵਾਂ ਭਾਈਚਾਰਿਆਂ ਅਤੇ ਪਰਿਵਾਰਾਂ ਨੂੰ ਇਨ੍ਹਾਂ ਜੋਖਮਾਂ ਨੂੰ ਸਮਝਣਾ ਅਤੇ ਉਨ੍ਹਾਂ ਲਈ ਤਿਆਰ ਹੋਣਾ ਚਾਹੀਦਾ ਹੈ। ਵੱਧ ਰਿਹਾ ਤਾਪਮਾਨ ਬਜ਼ੁਰਗ ਬਾਲਕਾਂ ਲਈ ਘਾਤਕ ਹੋ ਸਕਦਾ ਹੈ ਜੋ ਸਿਹਤ ਦੀਆਂ ਸਥਿਤੀਆਂ ਨੂੰ ਵਿਗਾੜਦਾ ਹੈ ਅਤੇ ਡੀਹਾਈਡਰੇਸ਼ਨ ਅਤੇ ਖਰਾਬ ਹਵਾ ਦੀ ਗੁਣਵੱਤਾ ਲਈ ਕਮਜ਼ੋਰੀ ਵਧਾਉਂਦਾ ਹੈ। ਬੁਢਾਪੇ ਦੀ ਆਬਾਦੀ ਨੂੰ ਵਧਦੇ ਗਰਮੀ ਦੇ ਜੋਖਮਾਂ ਤੋਂ ਬਚਾਉਣ ਲਈ ਪ੍ਰਭਾਵੀ ਖੇਤਰੀ ਰਣਨੀਤੀਆਂ ਅਤੇ ਮਹੱਤਵਪੂਰਨ ਨਿਵੇਸ਼ਾਂ ਦੀ ਲੋੜ ਹੈ।

## ਗਲੇਸ਼ੀਅਰਾਂ ਨੂੰ ਲੱਗ ਰਿਹਾ ਖੋਰਾ

ਧਰਤੀ ਦੇ ਵੱਧ ਰਹੇ ਤਾਪਮਾਨ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ। ਸਥਿਤੀ ਇਵੇਂ ਜਾਰੀ ਰਹੀ ਤਾਂ ਸਮੁੰਦਰ ਕਈ ਤੱਟੀ ਸ਼ਹਿਰਾਂ ਨੂੰ ਨਿਗਲ ਲਏਗਾ। ਉੱਤਰਾਖੰਡ ਵਿਚ ਭਾਗੀਰਥੀ ਬੇਸਣ ਦਾ ਡੋਕਰੀਅਮ ਗਲੇਸ਼ੀਅਰ 1995 ਤੋਂ ਬਾਅਦ 15-20 ਮੀਟਰ ਸਾਲਾਨਾਂ ਦੀ ਦਰ ਨਾਲ ਖੁਰ ਰਿਹਾ ਹੈ। 2003 ਤੋਂ ਲੈ ਕੇ 2017 ਤੱਕ ਕੀਤੇ ਗਏ ਇਕ ਅਧਿਐਨ ਅਨੁਸਾਰ ਮੰਦਾਕਨੀ ਬੇਸਨ ਦਾ ਗਲੇਸ਼ੀਅਰ 9-11 ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। ਲਦਾਖ ਦੇ 'ਸ਼ੁਰੂ' ਬੇਸਨ ਦੀ ਦਰੰਗ-ਦੁਰੰਗ ਅਤੇ ਪੈਨਸਲੁੰਗਪਾ ਗਲੇਸ਼ੀਅਰ 12-5.6 ਮੀਟਰ ਸਾਲਾਨਾ ਦੀ ਦਰ ਨਾਲ ਸੁੰਗੜ ਰਹੇ ਹਨ। ਗਲੇਸ਼ੀਅਰਾਂ ਨੂੰ ਸੰਸਾਰ ਪੱਧਰ 'ਤੇ ਹੀ ਖੋਰਾ ਲੱਗਾ ਹੋਇਆ ਹੈ। ਇਨ੍ਹਾਂ ਦਾ ਵਾਧੂ ਪਾਣੀ ਸਮੁੰਦਰੀ ਤਲ ਨੂੰ ਉੱਪਰ ਚੁੱਕ ਰਿਹਾ ਹੈ। ਇਹ ਤਬਦੀਲੀਆਂ ਸਾਡੇ ਮੌਨਸੂਨ ਚੱਕਰ 'ਤੇ ਵੀ ਪ੍ਰਭਾਵ ਪਾ ਰਹੀਆਂ ਹਨ।

ਗ੍ਰੇਟਾ ਬਨਬਰਗ ਨੇ ਚੌਗਿਰਦੇ ਨੂੰ ਬਚਾਉਣ ਲਈ ਹਾਲ ਦਾ ਨਾਅਰਾ ਮਾਰਦਿਆਂ ਹਾਕਮਾਂ ਨੂੰ ਕਿਹਾ ਕਿ ਵਿਕਾਸ ਦੇ ਨਾਂ 'ਤੇ ਕੁਦਰਤ ਨਾਲ ਕੀਤਾ ਜਾ ਰਿਹਾ ਖਿਲਵਾੜ ਸਮੁੱਚੀ ਮਨੁੱਖਤਾ ਨੂੰ ਲੈ ਡੁਬੇਗਾ।

# ਅੰਬ ਤੋਂ ਮੁੱਲ-ਵਰਧਕ ਪਦਾਰਥ ਬਣਾਉਣਾ

## ਚੰਗੀ ਸਿਹਤ ਅਤੇ ਸਫਲ ਰੋਜ਼ਗਾਰ ਦਾ ਜ਼ਰੀਆ

**"ਅੰਬ ਫਲਾਂ ਦਾ ਰਾਜਾ ਹੈ" ਇਹ ਗੱਲ ਅਸੀਂ ਬਚਪਨ ਤੋਂ ਸੁਣਦੇ ਆ ਰਹੇ ਹਾਂ। ਇਸ ਦੇ ਨਾਲ ਹੀ, ਇਕ ਹੋਰ ਹੀ ਪ੍ਰਸਿਧ ਅਖਾਣ ਵੀ ਸਾਨੂੰ ਕਈ ਵਾਰ ਚੇਤ ਆਉਂਦਾ ਹੈ, "ਔਲੇ ਦਾ ਖਾਧਾ ਤੇ ਸਿਆਣੇ ਦਾ ਕਿਹਾ, ਪਿਛੋਂ ਯਾਦ ਆਉਂਦੇ ਐ"। ਉਪਰੋਕਤ ਗੱਲਾਂ ਦੇ ਨਾਲ ਇਹ ਗੱਲ ਵੀ ਸੱਚ ਹੈ ਕਿ ਅਜੋਕੇ ਦੌਰ ਵਿੱਚ, ਵਧੇਰੇ ਕੰਮਕਾਜੀ ਰੁਝੇਵਿਆਂ ਅਤੇ ਆਧੁਨਿਕ ਜੀਵਨ-ਸ਼ੈਲੀ ਬਸਰ ਕਰਨ ਕਰਕੇ, ਅਸੀਂ ਆਪਣੇ ਬਚਪਨ ਦੀਆਂ ਗੱਲਾਂ, ਯਾਦ ਤਾਂ ਕਰਦੇ ਹਾਂ ਪਰ ਉਨ੍ਹਾਂ ਦਾ ਅਸਲੀ ਮਤਲਬ ਸਮਝਦੇ ਹੋਏ ਵੀ, ਉਨ੍ਹਾਂ 'ਤੇ ਅਮਲ ਕਰਨਾ ਭੁੱਲ ਜਾਂਦੇ ਹਾਂ। ਜਿਸ ਦੇ ਨਤੀਜੇ ਵਜੋਂ, ਅੱਜ ਅਸੀਂ ਨਿੱਤ ਨਵੇਂ ਤੋਂ ਨਵਾਂ ਰੋਗ ਹੰਢਾਉਣ ਦੇ ਆਦੀ ਹੋ ਚੁੱਕੇ ਹਾਂ। ਇਨ੍ਹਾਂ ਤੱਥਾਂ ਨੂੰ ਮੱਦੇਨਜ਼ਰ ਰੱਖਦੇ ਹੋਏ, ਆਉ ਅੱਜ ਜਾਣਦੇ ਹਨ ਕਿ ਬਾਲਪਨ ਤੋਂ ਲੈ ਕੇ ਹਰ ਉਮਰ ਵਰਗ ਤੱਕ, ਅੰਬ ਦੀ ਸਾਡੀ ਜ਼ਿੰਦਗੀ ਵਿੱਚ ਏਨੀ ਜ਼ਿਆਦਾ ਮਹੱਤਤਾ ਕਿਉਂ ਹੈ।**



ਪਿਵਰਜੀਤ ਕੌਰ ਅਤੇ ਬਲਵਿੰਦਰ ਕੁਮਾਰ, ਕ੍ਰਿਸ਼ੀ ਵਿਗਿਆਨ ਕੇਂਦਰ, ਤਰਨਤਾਰਨ,
ਪਾਰੁਲ ਗੁਪਤਾ, ਕ੍ਰਿਸ਼ੀ ਵਿਗਿਆਨ ਕੇਂਦਰ, ਐਸ.ਏ.ਐਸ. ਨਗਰ (ਮੋਹਾਲੀ)।

ਸਿਹਤ ਪੱਖੋਂ, ਅੰਬ ਬਹੁਤ ਹੀ ਗੁਣਕਾਰੀ ਫਲ ਮੰਨਿਆ ਜਾਂਦਾ ਹੈ। ਅੰਬ ਤੋਂ ਮਿਲਣ ਵਾਲੇ ਪੌਸ਼ਕ ਤੱਤਾਂ ਦਾ ਵੇਰਵਾ ਇਸ ਤਰ੍ਹਾਂ ਹੈ :

| ਪੌਸ਼ਕ ਤੱਤ ਦਾ ਨਾਂ | ਮਾਤਰਾ ਪ੍ਰਤੀ (100 ਗ੍ਰਾਮ) |
|---|---|
| ਊਰਜਾ (ਕਿਲੋ ਕੈਲੋਰੀ) | 60.0 |
| ਕਾਰਬੋਹਾਈਡਰੇਟ (ਗ੍ਰਾਮ) | 14.98 |
| ਪ੍ਰੋਟੀਨ (ਗ੍ਰਾਮ) | 0.82 |
| ਚਰਬੀ (ਗ੍ਰਾਮ) | 0.40 |
| ਰੇਸ਼ਾ (ਗ੍ਰਾਮ) | 1.60 |
| ਵਿਟਾਮਿਨ ਏ (ਆਈ.ਯੂ) | 1082.0 |
| ਵਿਟਾਮਿਨ ਸੀ (ਮਿਲੀਗ੍ਰਾਮ) | 36.4 |
| ਵਿਟਾਮਿਨ ਈ (ਮਿਲੀਗ੍ਰਾਮ) | 0.90 |
| ਕੈਲਸ਼ੀਅਮ (ਮਿਲੀਗ੍ਰਾਮ) | 11.0 |
| ਫਾਸਫੋਰਸ (ਮਿਲੀਗ੍ਰਾਮ) | 14.0 |
| ਲੋਹਾ (ਮਿਲੀਗ੍ਰਾਮ) | 0.16 |
| ਜ਼ਿੰਕ (ਮਿਲੀਗ੍ਰਾਮ) | 0.04 |
| ਮੈਗਨੀਸ਼ੀਅਮ (ਮਿਲੀਗ੍ਰਾਮ) | 10.0 |
| ਸੋਡੀਅਮ (ਮਿਲੀਗ੍ਰਾਮ) | 1.0 |
| ਪੋਟਾਸ਼ੀਅਮ (ਮਿਲੀਗ੍ਰਾਮ) | 168.0 |

(ਸਰੋਤ : ਰਾਸ਼ਟਰੀ ਅੰਬ ਡਾਟਾਬੇਸ, ਬਾਇਓਟੈਕਨੋਲੋਜੀ ਵਿਭਾਗ, ਭਾਰਤੀ ਖੇਤੀ ਖੋਜ ਪਰੀਸ਼ਦ, 2020)

ਅੰਬ ਵਿੱਚ ਇਨ੍ਹਾਂ ਤੱਤਾਂ ਤੋਂ ਇਲਾਵਾ, ਕਈ ਹੋਰ ਸਿਹਤ ਵਰਧਕ ਤੱਤ ਜਿਵੇਂ ਅਮੀਨੋ ਐਸਿਡ, ਫੈਟੀ ਐਸਿਡ, ਜ਼ਰੂਰੀ ਵਿਟਾਮਿਨ ਉਦਾਹਰਣ ਵਜੋਂ ਫੋਲੇਟ, ਅਤੇ ਮੁੱਖ ਐਂਟੀਆਕਸੀਡੈਂਟ ਦੇ ਰੂਪ ਵਿੱਚ ਬੀਟਾ-ਕੈਰੋਟੀਨ (ਵਿਟਾਮਿਨ ਏ ਦਾ ਪੂਰਵਗਾਮੀ ਤੱਤ) ਆਦਿ ਮੌਜੂਦ ਹੁੰਦੇ ਹਨ। ਜ਼ਿਕਰਯੋਗ ਹੈ ਕਿ ਅੰਬ ਵਿਚ ਪਾਏ ਜਾਣ ਵਾਲੇ ਅਮੀਨੋ ਐਸਿਡ, ਬੀਟਾ-ਕੈਰੋਟੀਨ ਅਤੇ ਵਿਟਾਮਿਨ ਸੀ ਮਨੁੱਖੀ ਰੋਗ-ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ, ਇਸ ਤਰ੍ਹਾਂ ਅੰਬ ਦਾ, ਖੁਰਾਕ ਰਾਹੀਂ ਸਾਡੀ ਸਿਹਤ ਨੂੰ ਮਜ਼ਬੂਤ ਬਣਾਉਣ ਵਿੱਚ ਅਹਿਮ ਯੋਗਦਾਨ ਹੈ।

ਅੰਬ ਦੱਖਣੀ ਏਸ਼ੀਆਈ ਖੇਤਰ ਦਾ ਮਸ਼ਹੂਰ ਫਲ ਹੈ। ਦੁਨੀਆਂ ਭਰ ਵਿੱਚ, ਮਿਲਣ ਵਾਲੇ ਕੁੱਲ ਅੰਬਾਂ ਦੀ ਵੰਡ ਦੀ 50 ਫੀਸਦੀ ਪੂਰਤੀ, ਸਾਡਾ ਦੇਸ਼ ਭਾਰਤ ਕਰਦਾ ਹੈ। ਬਾਜ਼ਾਰ ਵਿੱਚ, ਅੰਬ ਤੋਂ ਤਿਆਰ ਕਈਂ ਮੁੱਲ-ਵਰਧਕ ਪਦਾਰਥ ਜਿਵੇਂ ਅੰਬ ਰਸ, ਅੰਬ ਦਾ ਜੈਮ, ਅੰਬ ਦਾ ਪਾਪੜ (ਆਮ ਪਾਪੜ) ਆਦਿ ਮਿਲਦੇ ਹਨ। ਪਰ ਅੱਜ ਕੱਲ ਕੋਰੋਨਾ ਵਾਇਰਸ ਮਹਾਂਮਾਰੀ ਦੇ ਚਲਦੇ, ਅਸੀਂ ਬਾਜ਼ਾਰ ਵਿੱਚ ਮਿਲਣ ਵਾਲੇ ਬਣੇ-ਬਣਾਏ (ਰੇਡੀਮੇਡ) ਖਾਦ-ਪਦਾਰਥਾਂ ਦੀ ਖਰੀਦ ਤੋਂ ਪਰਹੇਜ਼ ਕਰਦੇ ਹਾਂ। ਇਸ ਦਾ ਇਕ ਹੋਰ ਕਾਰਨ ਇਨ੍ਹਾਂ ਪਦਾਰਥਾਂ ਵਿੱਚ ਨਕਲੀ ਰੰਗ ਅਤੇ ਸੁਆਦ ਦਾ ਹੋਣਾ ਵੀ ਮੰਨਿਆ ਜਾ ਸਕਦਾ ਹੈ। ਪਰ ਸਾਨੂੰ ਘਬਰਾਉਣ ਦੀ ਲੋੜ ਨਹੀਂ, ਕਿਉਂਕਿ ਹੁਣ ਅਸੀਂ ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ, ਲੁਧਿਆਣਾ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਮਾਹਿਰਾਂ ਦੀ ਸਲਾਹ ਅਨੁਸਾਰ, ਕੁਦਰਤੀ ਤਰੀਕੇ ਨਾਲ ਘੱਟ ਖਰਚੇ ਵਿੱਚ ਅੰਬ ਤੋਂ ਮੁੱਲ-ਵਰਧਕ ਪਦਾਰਥ ਬਣਾ ਕੇ, ਘਰ ਬੈਠੇ ਪਹਿਲਾਂ ਗਰਮੀ ਅਤੇ ਬਾਅਦ ਵਿੱਚ ਬਦਲਵੇਂ ਮੌਸਮ ਵਿੱਚ ਵੀ, ਇਨ੍ਹਾਂ ਪਦਾਰਥਾਂ ਦਾ ਲੁਤਫ ਉਠਾ ਸਕਦੇ ਹਾਂ। ਅੱਜ ਕੱਲ ਗਰਮੀਆਂ ਦੇ ਮੌਸਮ ਦੇ ਹਿਸਾਬ ਨਾਲ, ਅੰਬ ਦੀ ਉਪਲੱਬਧਤਾ ਵੀ ਵਧੇਰੇ ਹੈ। ਇਸ ਲਈ, ਇਸ ਸਾਲ ਸਭ ਤੋਂ ਜ਼ਿਆਦਾ ਢੁੱਕਵਾਂ ਸਮਾਂ ਹੈ, ਜਦੋਂ ਮੁੱਲ-ਵਰਧਕ ਤਕਨੀਕਾਂ ਅਪਣਾ ਕੇ, ਅਸੀਂ ਅੰਬ ਤੋਂ ਹੇਠ ਲਿਖੇ ਪਦਾਰਥ ਬਣਾ ਸਕਦੇ ਹਾਂ :

### ਅੰਬ ਦੀ ਚਟਨੀ

| ਸਮੱਗਰੀ | ਮਾਤਰਾ |
|---|---|
| ਅੰਬ ਦਾ ਗੁੱਦਾ | 1 ਕਿਲੋਗ੍ਰਾਮ |
| ਖੰਡ ਜਾਂ ਗੁੜ | 1 ਕਿਲੋਗ੍ਰਾਮ |
| ਨਮਕ/ਲੂਣ (ਸਾਢੇ ਚਾਰ ਵੱਡੇ ਚਮਚ) | 45 ਗ੍ਰਾਮ |
| ਪਿਆਜ਼ (ਬਰੀਕ ਕੱਟਿਆ ਹੋਇਆ) | 50 ਗ੍ਰਾਮ |
| ਲਸਣ (ਬਰੀਕ ਕੱਟਿਆ ਹੋਇਆ) | 15 ਗ੍ਰਾਮ |
| ਅਦਰਕ (ਬਰੀਕ ਕੱਟਿਆ ਹੋਇਆ) | 15 ਗ੍ਰਾਮ |
| ਲਾਲ ਮਿਰਚ (ਪਾਊਡਰ) | 10 ਗ੍ਰਾਮ |
| ਕਾਲੀ ਮਿਰਚ (ਪਾਊਡਰ) | 15 ਗ੍ਰਾਮ |
| ਇਲਾਇਚੀ (ਪਾਊਡਰ) | 10 ਗ੍ਰਾਮ |
| ਦਾਲਚੀਨੀ (ਪਾਊਡਰ) | 10 ਗ੍ਰਾਮ |
| ਜ਼ੀਰਾ (ਪਾਊਡਰ) | 10 ਗ੍ਰਾਮ |
| ਲੌਂਗ (ਸਾਬਤ) | 5 |
| ਸਿਰਕਾ | 170 ਮਿਲੀਲਿਟਰ |

(ਸਟੀਲ ਦਾ 3/4 ਜਾਂ ਪੌਣਾ ਵੱਡਾ ਗਿਲਾਸ)

**ਵਿੱਧੀ** : 1. ਅੰਬਾਂ ਨੂੰ ਧੋਣ ਤੋਂ ਬਾਅਦ, ਛਿੱਲ ਕੇ, ਉਨ੍ਹਾਂ ਦਾ ਗੁੱਦਾ ਪਹਿਲਾਂ ਮੋਟੀ ਛਾਨਣੀ ਨਾਲ ਛਾਣ ਕੇ, ਅਲੱਗ ਸਟੀਲ ਦੀ ਕੜਾਈ ਵਿੱਚ ਪਾ ਲਓ।

2. ਕੜਾਹੀ ਨੂੰ ਗੈਸ 'ਤੇ ਰੱਖ ਕੇ, ਇਕ ਕੜਛੀ ਪਾਣੀ ਪਾ ਕੇ ਪਕਾਉ

3. ਅੰਬ ਦਾ ਗੁੱਦਾ ਹਲਕਾ ਗਰਮ ਹੋਣ ਉਪਰੰਤ, ਇਸ ਵਿੱਚ ਖੰਡ ਅਤੇ ਨਮਕ ਮਿਲਾਓ।

4. ਖੰਡ ਅਤੇ ਨਮਕ ਦੇ ਘੁਲ ਜਾਣ ਤੋਂ ਬਾਅਦ, ਗੈਸ ਬੰਦ ਕਰਕੇ ਇਸ ਮਿਸ਼ਰਣ ਨੂੰ ਇਕ ਘੰਟੇ ਲਈ ਰੱਖ ਦਿਉ।

5. ਹੁਣ ਸਿਰਕੇ ਤੋਂ ਬਿਨਾਂ ਬਾਕੀ ਸਾਰੇ ਮਸਾਲਿਆਂ ਨੂੰ ਇਕ ਮਲਮਲ ਦੇ ਕੱਪੜੇ ਵਿੱਚ ਢਿੱਲਾ ਜਿਹਾ ਬੰਨ ਕੇ, ਪੋਟਲੀ ਬਣਾ ਲਓ।

6. ਇਸ ਪੋਟਲੀ ਨੂੰ ਅੰਬ ਦੇ ਗੁੱਦੇ ਵਾਲੇ ਮਿਸ਼ਰਣ ਵਿੱਚ ਰੱਖੋ ਅਤੇ ਮੱਧਮ ਸੇਕ 'ਤੇ ਗੈਸ ਚਲਾ ਦਿਓ।



7. ਇਸ ਮਿਸ਼ਰਣ ਨੂੰ ਪਕਾਉਣ ਦੇ ਨਾਲ-ਨਾਲ, ਪੋਟਲੀ ਨੂੰ ਵੀ ਕੜਛੀ ਨਾਲ ਕਈ ਵਾਰ ਰੁਕ-ਰੁਕ ਕੇ ਦਬਾਉਂਦੇ ਰਹੋ।

8. ਜਦੋਂ ਇਹ ਮਿਸ਼ਰਣ ਗਾੜ੍ਹਾ ਹੋ ਜਾਵੇ ਅਤੇ ਇਸ ਦਾ ਰੰਗ ਬਦਲ ਜਾਵੇ ਤਾਂ ਪੋਟਲੀ ਨੂੰ ਬਾਹਰ ਕੱਢ ਲਓ।

9. ਇਸ ਤੋਂ ਬਾਅਦ, ਇਸ ਮਿਸ਼ਰਣ ਵਿੱਚ ਸਿਰਕਾ ਪਾ ਕੇ 5 ਮਿੰਟ ਪਕਾਓ।

10. ਇਸ ਨੂੰ ਗਰਮ-ਗਰਮ ਹੀ ਕੱਚ ਦੀ ਸਾਫ ਕੀਟਾਣੂ-ਰਹਿਤ ਬੋਤਲਾਂ ਵਿੱਚ ਭਰੋ।

11. ਹੁਣ ਠੰਡਾ ਕਰਕੇ, ਢੱਕਣ ਲਾ ਕੇ, ਫਰਿੱਜ਼ ਵਿੱਚ ਰੱਖੋ।

### ਅੰਬ ਦਾ ਪਾਪੜ

| ਸਮੱਗਰੀ | ਮਾਤਰਾ |
|---|---|
| ਅੰਬ ਦਾ ਗੁੱਦਾ | 80 ਗ੍ਰਾਮ |
| ਖੰਡ | 50 ਗ੍ਰਾਮ |
| ਅਰਾਰੋਟ (ਪੌਣਾ ਛੋਟਾ ਚਮਚ) | 4 ਗ੍ਰਾਮ |
| ਧੋਵੀਂ ਮੂੰਗੀ | 20 ਗ੍ਰਾਮ |
| ਸੋਇਆਬੀਨ ਦਾ ਆਟਾ | 20 ਗ੍ਰਾਮ |
| ਸੁੱਕਾ ਦੁੱਧ | 10 ਗ੍ਰਾਮ |
| ਨਮਕ/ਲੂਣ | 2 ਗ੍ਰਾਮ |
| ਲਾਲ ਮਿਰਚ (ਪਾਊਡਰ) | 1 ਚੁਟਕੀ |
| ਹਿੰਗ | ਅੱਧੀ ਚੁਟਕੀ |

**ਵਿੱਧੀ** : 1. ਧੋਵੀਂ ਮੂੰਗੀ ਨੂੰ ਕੜਾਹੀ ਵਿੱਚ ਪਾ ਕੇ ਹਲਕਾ ਜਿਹਾ ਭੁੰਨਣ ਤੋਂ ਬਾਅਦ, ਰਗੜ ਕੇ, ਛਾੜ ਲਓ।

2. ਧੋਵੀਂ ਮੂੰਗੀ ਅਤੇ ਸੋਇਆਬੀਨ ਦੇ ਆਟੇ ਨੂੰ ਅਲੱਗ-ਅਲੱਗ 10 ਮਿੰਟ ਤੱਕ ਭਾਫ ਦਿਓ।

3. ਅੰਬ ਦੇ ਗੁੱਦੇ ਨੂੰ ਪਹਿਲਾਂ ਮੋਟੀ ਛਾਣਨੀ ਨਾਲ ਛਾਣ ਕੇ, ਕੜਾਈ ਵਿੱਚ ਪਾ ਕੇ, ਗੈਸ 'ਤੇ ਰੱਖ ਕੇ 3 ਮਿੰਟ ਤੱਕ ਪਕਾਓ।

4. ਅਰਾਰੋਟ (ਕੌਰਨਫਲੋਰ) ਵਿੱਚ ਅੱਧਾ ਚਮਚ ਪਾਣੀ ਮਿਲਾ ਕੇ, ਪੇਸਟ ਬਣਾ ਲਓ।

5. ਇਸ ਪੇਸਟ ਵਿੱਚ, ਅੰਬ ਦਾ ਗੁੱਦਾ ਅਤੇ ਸਾਰੇ ਮਸਾਲੇ ਪਾ ਕੇ ਮਿਲਾਓ ਅਤੇ ਮੱਧਮ ਸੇਕ 'ਤੇ ਗਾੜ੍ਹਾ ਹੋਣ ਤੱਕ, ਗਰਮ ਕਰੋ।

6. ਇਸ ਤੋਂ ਬਾਅਦ, ਇਸ ਤਿਆਰ ਪੇਸਟ ਨੂੰ 0.5 ਸੈਂਟੀਮੀਟਰ ਮੋਟੀ ਪਰਤ ਦੇ ਹਿਸਾਬ ਨਾਲ, ਟ੍ਰੇਆਂ ਵਿੱਚ ਫੈਲਾਅ ਦਿਉ।

7. ਇਸ ਫੈਲੇ ਹੋਏ ਪੇਸਟ ਨੂੰ ਮੱਧਮ ਧੁੱਪ ਵਿੱਚ 6-8 ਘੰਟਿਆਂ ਤੱਕ ਸੁਕਾਓ।

8. ਹੁਣ ਛੋਟੇ ਇਕਸਾਰ ਟੁਕੜਿਆਂ ਵਿੱਚ ਕੱਟਣ ਉਪਰੰਤ, ਫਰਿੱਜ਼ ਵਿੱਚ ਰੱਖੋ।

### ਅੰਬ ਦਾ ਜੈਮ

| ਸਮੱਗਰੀ | ਮਾਤਰਾ |
|---|---|
| ਅੰਬ ਦਾ ਗੁੱਦਾ | 1 ਕਿਲੋਗ੍ਰਾਮ |
| ਖੰਡ | 750 ਗ੍ਰਾਮ |
| ਸਿਟਰਿਕ ਐਸਿਡ (ਦੋ ਵੱਡੇ ਚਮਚ) | 20 ਗ੍ਰਾਮ |

**ਵਿੱਧੀ** : 1. ਅੰਬਾਂ ਨੂੰ ਧੋਣ ਤੋਂ ਬਾਅਦ, ਛਿੱਲ ਕੇ, ਅੰਬ ਦਾ ਗੁੱਦਾ ਪਹਿਲਾਂ ਮੋਟੀ ਛਾਣਨੀ ਨਾਲ ਛਾਣ ਕੇ, ਅਲੱਗ ਸਟੀਲ ਦੀ ਕੜਾਹੀ ਵਿੱਚ ਪਾ ਲਓ।

2. ਕੜਾਈ ਨੂੰ ਗੈਸ 'ਤੇ ਰੱਖੋ।

3. ਅੰਬ ਦਾ ਗੁੱਦਾ ਹਲਕਾ ਗਰਮ ਹੋਣ ਉਪਰੰਤ, ਇਸ ਵਿੱਚ ਖੰਡ ਮਿਲਾਓ।



4. ਖੰਡ ਦੇ ਘੁਲ ਜਾਣ ਤੋਂ ਬਾਅਦ, ਸਿਟਰਿਕ ਐਸਿਡ ਪਾਣੀ ਵਿੱਚ ਮਿਲਾ ਕੇ, ਅੰਬ ਦੇ ਗੁੱਦੇ ਵਾਲੇ ਮਿਸ਼ਰਣ ਵਿੱਚ ਮਿਲਾ ਦਿਓ।

5. ਇਸ ਮਿਸ਼ਰਣ ਨੂੰ ਗਾੜ੍ਹਾ ਹੋਣ ਤੱਕ ਪੱਕਣ ਦਿਓ।

6. ਜਦੋਂ ਇਹ ਮਿਸ਼ਰਣ 68 ਡਿਗਰੀ ਬਰਿਕਸ ਤੱਕ ਗਾੜ੍ਹਾ ਹੋ ਜਾਵੇ ਤਾਂ ਫਿਰ ਗਰਮ-ਗਰਮ ਹੀ ਕੱਚ ਦੀਆਂ ਸਾਫ ਕੀਟਾਣੂ-ਰਹਿਤ ਬੋਤਲਾਂ ਵਿੱਚ ਭਰੋ।

7. ਹੁਣ ਠੰਡਾ ਕਰਕੇ, ਢੱਕਣ ਲਾ ਕੇ, ਫਰਿਜ਼ ਵਿੱਚ ਰੱਖੋ।

### ਅੰਬ ਦੀ ਕੈਂਡੀ

| ਸਮੱਗਰੀ | ਮਾਤਰਾ |
|---|---|
| ਅੰਬ ਦਾ ਗੁੱਦਾ | 1 ਕਿਲੋਗ੍ਰਾਮ |
| ਖੰਡ | 1 ਕਿਲੋਗ੍ਰਾਮ ਅਤੇ 120 ਗ੍ਰਾਮ |
| ਪਾਣੀ | 1/2 ਲੀਟਰ |
| ਸਿਟਰਿਕ ਐਸਿਡ (ਸਵਾ ਛੋਟਾ ਚਮਚ) | 6.4 ਗ੍ਰਾਮ |
| ਚੂਨੇ ਦੇ ਪਾਣੀ ਦਾ ਘੋਲ (2%) | 20 ਗ੍ਰਾਮ ਚੂਨਾ 1 ਲੀਟਰ ਪਾਣੀ ਵਿੱਚ ਮਿਲਾਓ। |

**ਵਿੱਧੀ** : 1. ਅੰਬਾਂ ਨੂੰ ਧੋਣ ਤੋਂ ਬਾਅਦ, ਛਿੱਲ ਕੇ, ਛੋਟੇ ਅਤੇ ਲੰਬੇ ਪੀਸ ਕੱਟ ਲਓ।

2. ਹੁਣ ਇਨ੍ਹਾਂ ਕੱਟੇ ਹੋਏ ਪੀਸਾਂ ਨੂੰ ਚੂਨੇ ਦੇ ਪਾਣੀ ਦੇ ਘੋਲ ਵਿੱਚ ਡੁਬੋ ਦਿਓ।

3. ਪਾਣੀ ਵਿੱਚ ਖੰਡ ਅਤੇ ਸਿਟਰਿਕ ਐਸਿਡ ਮਿਲਾ ਕੇ ਚਾਸ਼ਨੀ ਬਣਾ ਲਓ।

4. ਖੰਡ ਦੇ ਘੁਲ ਜਾਣ ਤੋਂ ਬਾਅਦ, ਕੱਟੇ ਹੋਏ ਅੰਬ ਦੇ ਪੀਸਾਂ ਨੂੰ ਚੂਨੇ ਦੇ ਪਾਣੀ ਨਾਲ ਧੋ ਕੇ, ਤਿਆਰ ਚਾਸ਼ਨੀ ਵਿੱਚ ਪਾ ਕੇ ਅੰਬ ਦੇ ਨਰਮ ਅਤੇਚਾਸ਼ਨੀ ਦੇ ਹਲਕਾ ਗਾੜ੍ਹਾ ਹੋਣ ਤੱਕ ਪਕਾਓ।

5. ਅੰਬ ਦੇ ਟੁਕੜਿਆਂ ਨੂੰ 7 ਦਿਨਾਂ ਤੱਕ ਚਾਸ਼ਨੀ ਵਿੱਚ ਰੱਖੋ।

6. 7 ਦਿਨਾਂ ਬਾਅਦ, ਚਾਸ਼ਨੀ ਵਾਲੇ ਮਿਸ਼ਰਣ ਨੂੰ ਅੰਬ ਦੇ ਟੁਕੜਿਆਂ ਸਮੇਤ ਮੱਧਮ ਸੇਕ 'ਤੇ ਹੋਰ ਗਾੜ੍ਹਾ ਹੋਣ ਤੱਕ ਪਕਾਓ।

7. ਜਦੋਂ ਇਹ ਮਿਸ਼ਰਣ ਗਾੜ੍ਹਾ ਹੋ ਜਾਵੇ ਤਾਂ ਇਸ ਨੂੰ ਗਰਮ-ਗਰਮ ਹੀ ਕੱਚ ਦੀਆਂ ਸਾਫ ਕੀਟਾਣੂ-ਰਹਿਤ ਬੋਤਲਾਂ ਵਿੱਚ ਭਰੋ।

8. ਹੁਣ ਠੰਡਾ ਕਰਕੇ, ਵਾਧੂ ਚਾਸ਼ਣੀ ਕੱਢ ਦਿਓ ਅਤੇ ਅੰਬ ਦੇ ਟੁਕੜਿਆਂ ਨੂੰ ਛਾਂ ਵਿੱਚ ਸੁਕਾਓ।

9. ਸੁੱਕ ਜਾਣ ਤੇ, ਫਰਿਜ਼ ਵਿੱਚ ਰੱਖੋ।

### ਅੰਬ ਦਾ ਸੁਕਐਸ਼

| ਸਮੱਗਰੀ | ਮਾਤਰਾ |
|---|---|
| ਅੰਬ ਦਾ ਗੁੱਦਾ | 1.5 ਕਿਲੋਗ੍ਰਾਮ |
| ਖੰਡ | 1 ਕਿਲੋਗ੍ਰਾਮ |
| ਸਿਟਰਿਕ ਐਸਿਡ | 20 ਗ੍ਰਾਮ (ਦੋ ਵੱਡੇ ਚਮਚ) |
| ਪਾਣੀ | 1 ਲੀਟਰ |

**ਵਿੱਧੀ** : 1. ਅੰਬਾਂ ਨੂੰ ਧੋਣ ਤੋਂ ਬਾਅਦ, ਛਿੱਲ ਕੇ, ਗੁੱਦੇ ਦੇ ਛੋਟੇ ਪੀਸ ਕਰਕੇ, ਮਿਕਸੀ ਵਿੱਚ ਪਾ ਕੇ ਪੀਸ ਕੇ, ਪਯੂਰੀ ਬਣਾ ਕੇ ਉਸ ਨੂੰ ਮੋਟੀ ਛਾਣਨੀ ਨਾਲ ਛਾਣ ਲਓ।

2. ਕੜਾਹੀ ਵਿੱਚ ਪਾਣੀ ਪਾ ਕੇ, ਇਸ ਗੈਸ 'ਤੇ ਰੱਖੋ ਅਤੇ ਇਸ ਵਿੱਚ ਖੰਡ ਪਾ ਕੇ, ਮੱਧਮ ਸੇਕ 'ਤੇ ਹਿਲਾਉਂਦੇ ਹੋਏ ਪਕਾਓ।

3. ਖੰਡ ਦੇ ਘੁਲ ਜਾਣ ਤੋਂ ਬਾਅਦ, ਸਿਟਰਿਕ ਐਸਿਡ ਇਸ ਪਾਣੀ ਵਿੱਚ ਪਾ ਕੇ, ਚੰਗੀ ਤਰ੍ਹਾਂ ਮਿਲਾ ਲਓ।

4. ਇਸ ਮਿਸ਼ਰਣ ਨੂੰ ਉਬਾਲਾ ਆਉਣ ਤੋਂ ਬਾਅਦ, 2 ਮਿੰਟ ਤੱਕ ਪੱਕਣ ਦਿਓ ਅਤੇ ਹੁਣ ਗੈਸ ਬੰਦ ਕਰ ਦਿਓ।

5. ਇਸ ਮਿਸ਼ਰਣ ਨੂੰ ਛਾਣ ਲਓ ਅਤੇ ਅੰਬ ਦੀ ਪਯੂਰੀ ਨੂੰ ਇਸ ਖੰਡ ਦੇ ਘੋਲ ਵਿੱਚ ਚੰਗੀ ਤਰ੍ਹਾਂ ਮਿਲਾ ਲਓ।

6. ਹੁਣ ਗਰਮ-ਗਰਮ ਹੀ ਕੱਚ ਦੀਆਂ ਸਾਫ ਕੀਟਾਣੂ-ਰਹਿਤ ਬੋਤਲਾਂ ਵਿੱਚ ਭਰੋ।

ਉਪਰੋਕਤ ਤਕਨੀਕਾਂ ਵਿੱਚ ਮੁਹਾਰਤ ਹਾਸਲ ਹੋਣ ਤੇ, ਇਸ ਕਿੱਤੇ ਨੂੰ ਰੋਜ਼ਗਾਰ ਦੇ ਸਾਧਨ ਵਜੋਂ ਅਪਣਾਉਣਾ, ਕਿਸਾਨਾਂ ਅਤੇ ਘਰੇਲੂ ਸੁਆਣੀਆਂ ਲਈ ਲਾਹੇਵੰਦ ਹੋਵੇਗਾ। ਉਮੀਦ ਕਰਦੇ ਹਾਂ ਕਿ ਅੰਬ ਨਾਲ ਸਬੰਧਿਤ ਇਹ ਮੁੱਲ-ਵਰਧਕ ਤਕਨੀਕਾਂ ਤਾਲਾਬੰਦੀ ਦੇ ਹਾਲਾਤਾਂ ਵਿੱਚ ਤੁਹਾਡੇ ਸਮੇਂ ਦੀ ਸਹੀ ਵਰਤੋਂ ਕਰਨ ਵਿੱਚ ਸਹਾਇਕ ਸਿੱਧ ਹੋਣਗੀਆਂ।

# ਸਬਜ਼ੀਆਂ ਉੱਤੇ ਮਾਈਟ ਦੀ ਸਮੱਸਿਆ ਅਤੇ ਉਸ ਦੀ ਰੋਕਥਾਮ

★ ਪੰਜਾਬ ਵਿਚ ਅਪ੍ਰੈਲ-ਜੂਨ ਮਹੀਨਿਆਂ ਵਿਚ ਮਾਈਟ ਦੀ ਜਨਸੰਖਿਆ ਇੱਕ ਦਮ ਵੱਧ ਜਾਂਦੀ ਹੈ । ਗਰਮ ਅਤੇ ਖੁਸ਼ਕ ਰੁੱਤ ਲਾਲ ਮਾਈਟ ਲਈ ਬਹੁਤ ਫਾਇਦੇਮੰਦ ਹੈ ਪਰ ਕਿਸਾਨਾਂ ਲਈ ਬਹੁਤ ਨੁਕਸਾਨਦਾਇਕ ਹੈ । ਇਸ ਲਈ ਆਪਣੇ ਖੇਤਾਂ ਵਿਚ ਸੋਕਾ ਨਾ ਆਉਣ ਦਿਓ ।

★ ਲਾਲ ਮਾਈਟ ਦਾ ਹਮਲਾ ਬੈਂਗਣ, ਭਿੰਡੀ, ਖੀਰਾ, ਸੇਮ ਫਲੀ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀ ਫਸਲਾਂ ਤੇ ਪਾਇਆ ਜਾਂਦਾ ਹੈ । ਇਸ ਤੋਂ ਇਲਾਵਾ ਪੀਲੀ ਮਾਈਟ ਵੀ ਸ਼ਿਮਲਾ ਮਿਰਚ ਅਤੇ ਮਿਰਚਾਂ ਉੱਪਰ ਜ਼ਿਆਦਾ ਹਮਲਾ ਕਰਦੀ ਹੈ ।



★ ਇਹ ਮਾਈਟ ਪਹਿਲਾਂ ਆਂਡੇ ਦਿੰਦੀ ਹੈ ਤੇ ਆਂਡਿਆਂ ਤੋਂ ਛੋਟਾ ਬੱਚਾ (ਲਾਰਵਾ) ਨਿਕਲਦਾ ਹੈ, ਜਿਸਦੀਆਂ ਛੇ ਲੱਤਾਂ ਹੁੰਦੀਆਂ ਹਨ । ਲਾਰਵੇ ਤੋਂ ਬਾਅਦ ਨਿੰਫਸ ਨਿਕਲਦੇ ਹਨ ਤੇ ਇਨ੍ਹਾਂ ਦੀ ਅੱਠ ਲੱਤਾਂ ਹੁੰਦੀਆਂ ਹਨ । ਨਿੰਫਸ ਤੋਂ ਨਰ ਜਾਂ ਮਾਦਾ ਬਾਲਗ ਬਣਦੇ ਹਨ ।

★ ਹਮਲੇ ਵਾਲੇ ਬੂਟਿਆਂ ਦੇ ਪੱਤਿਆਂ ਉਪਰਲੀ ਸਤ੍ਹਾ ਤੇ ਚਿੱਟੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਨਤੀਜੇ ਵਜੋਂ ਪੱਤੇ ਪੀਲੇ ਹੋ ਕੇ ਡਿੱਗ ਜਾਂਦੇ ਹਨ । ਜ਼ਿਆਦਾ ਹਮਲੇ ਦੀ ਹਾਲਤ ਵਿਚ ਸਬਜ਼ੀਆਂ ਦੇ ਪੱਤੇ ਅਤੇ ਫਲਾਂ ਉੱਪਰ ਬਹੁਤ ਜ਼ਿਆਦਾ ਜਾਲੇ ਬਣ ਜਾਂਦੇ ਹਨ ਜੋ ਕਿ ਪ੍ਰਕਾਸ਼ ਸੰਸਲੇਸ਼ਣ ਦੀ ਕਿਰਿਆ ਨੂੰ ਪ੍ਰਭਾਵਿਤ ਕਰਕੇ ਫਸਲ ਦਾ ਝਾੜ ਘਟਾਉਂਦੇ ਹਨ ।

★ ਪੀਲੀ ਮਾਈਟ ਦਾ ਹਮਲਾ ਜ਼ਿਆਦਾਤਰ ਨਵੇਂ ਨਿਕਲੇ ਪੱਤਿਆਂ ਅਤੇ ਫੁੱਲਾਂ ਤੇ ਪਾਇਆ ਜਾਂਦਾ ਹੈ । ਪੱਤੇ ਕਿਨਾਰਿਆਂ ਤੋਂ ਹੇਠਾਂ ਨੂੰ ਮੁੜ ਜਾਂਦੇ ਹਨ ।

**ਰੋਕਥਾਮ ਦੇ ਢੰਗ**

★ ਭਿੰਡੀ ਉੱਤੇ ਧਰੇਕ ਦੇ 1600 ਮਿਲੀਲਿਟਰ ਘੋਲ ਦੇ ਛਿੜਕਾਅ



100 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰਨ ਨਾਲ ਲਾਲ ਮਾਈਟ ਦੀ ਰੋਕਥਾਮ ਕੀਤੀ ਜਾ ਸਕਦੀ ਹੈ ਜਾਂ ਭਿੰਡੀ ਦੀ ਮਾਈਟ ਦੀ ਰੋਕਥਾਮ ਲਈ 150 ਮਿਲੀਲਿਟਰ ਓਬਰੇਨ 22.9 ਐਸ ਸੀ (ਸਪਾਈਰੋਮੈਸੀਫਿਨ) ਦਾ ਛਿੜਕਾਅ 100 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

★ ਖੀਰੇ ਉੱਤੇ ਪੀ ਏ ਯੂ ਘਰੇਲੂ ਨਿੰਮ ਦੇ 1400 ਮਿਲੀਲਿਟਰ ਘੋਲ ਦੇ ਛਿੜਕਾਅ 100 ਲਿਟਰ ਪਾਣੀ ਜਾਂ ਸੁੱਕੀਆਂ ਨਿੰਮ ਦੀਆਂ ਨਿੰਮੋਲੀਆਂ ਦੇ 5 ਕਿਲੋਗ੍ਰਾਮ ਪਾਊਡਰ ਦੇ ਘੋਲ ਦਾ ਛਿੜਕਾਅ ਪ੍ਰਤੀ ਏਕੜ ਦੇ ਹਿਸਾਬ ਨਾਲ ਕਰਨਾ ਚਾਹੀਦਾ ਹੈ ।

★ ਬੈਂਗਣ ਦੀ ਮਾਈਟ ਦੀ ਰੋਕਥਾਮ ਲਈ 300 ਮਿਲੀਲਿਟਰ ਓਮਾਈਟ 57 ਈ ਸੀ ਨੂੰ 100-150 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ ।

★ ਸ਼ਿਮਲਾ ਮਿਰਚ ਦੀ ਮਾਈਟ ਦੀ ਰੋਕਥਾਮ ਲਈ 5 ਪ੍ਰਤੀਸ਼ਤ ਨਿੰਮ ਦੀਆਂ ਨਿੰਮੋਲੀਆਂ ਦੇ ਪਾਊਡਰ ਦਾ ਘੋਲ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ ਜਾਂ 200 ਮਿਲੀਲਿਟਰ ਓਮਾਈਟ 57 ਈ ਸੀ (ਪ੍ਰੋਪਰਾਗਾਈਟ) ਜਾਂ 100 ਮਿਲੀਲਿਟਰ ਓਬਰੇਨ 22.9 ਐਸ ਸੀ (ਸਪਾਈਰੋਮੈਸੀਫਿਨ) ਦਾ ਛਿੜਕਾਅ 100 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

★ ਨਿੰਮੋਲੀਆਂ ਦੇ ਪਾਊਡਰ ਬਣਾਉਣ ਦਾ ਢੰਗ : ਨਿੰਮੋਲੀਆਂ ਨੂੰ ਛਾਂ ਵਿਚ ਸੁਕਾਉਣ ਤੋਂ ਬਾਅਦ ਪੀਸ ਲਓ । ਇਸ ਤਰ੍ਹਾਂ ਤਿਆਰ ਕੀਤੇ 5 ਕਿਲੋ ਗ੍ਰਾਮ ਪਾਊਡਰ ਨੂੰ 100 ਲਿਟਰ ਪਾਣੀ ਵਿਚ 12 ਘੰਟੇ ਲਈ ਭਿਓਂ ਕੇ ਰੱਖੋ ਤੇ ਬਾਅਦ ਵਿਚ ਕੱਪੜ ਛਾਣ ਕਰ ਲਓ ਅਤੇ ਇਸ ਘੋਲ ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

★ ਪੀ ਏ ਯੂ ਘਰੇਲੂ ਨਿੰਮ ਅਤੇ ਧਰੇਕ ਦੇ ਘੋਲ ਬਣਾਉਣ ਦਾ ਢੰਗ : ਚਾਰ ਕਿਲੋ ਨਿੰਮ ਜਾਂ ਧਰੇਕ ਦੀਆਂ ਕਰੂਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿੰਮੋਲੀਆਂ) ਨੂੰ 10 ਲਿਟਰ ਪਾਣੀ ਵਿਚ 30 ਮਿੰਟ ਲਈ ਉਬਾਲੋ । ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ ।

**ਪਰਮਜੀਤ ਕੌਰ ਅਤੇ ਮਨਮੀਤ ਬਰਾੜ ਭੁੱਲਰ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 84270-008**

# ਗਰਮ ਰੁੱਤ ਵਿੱਚ ਲੀਚੀ ਦੇ ਬੂਟਿਆਂ ਦੀ ਸੁਚੱਜੀ ਸਾਂਭ-ਸੰਭਾਲ

ਗਰਮ ਰੁੱਤ ਵਿੱਚ ਲੀਚੀ ਦੇ ਬੂਟਿਆਂ ਨੂੰ ਧੁੱਪ ਅਤੇ ਗਰਮੀ ਤੋਂ ਬਚਾਉਣਾ, ਸਿੰਜਾਈ ਪ੍ਰਬੰਧਨ, ਫਲਾਂ ਦੇ ਕੇਰੇ ਦੀ ਰੋਕਥਾਮ, ਲੀਚੀ ਦੇ ਫਲਾਂ ਦਾ ਫੱਟਣਾ ਅਤੇ ਧੁੱਪ ਦਾ ਸਾੜਾ ਵਰਗੀਆਂ ਅਲਾਮਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾਂ ਤੋਂ ਬਚਾਅ ਲਈ ਧਿਆਨ ਰੱਖਣਾ ਜ਼ਰੂਰੀ ਹੈ :-

**ਬੂਟਿਆਂ ਨੂੰ ਧੁੱਪ ਅਤੇ ਗਰਮੀ ਤੋਂ ਬਚਾਓ** : ਫਲਦਾਰ ਬੂਟਿਆਂ ਨੂੰ ਚਾਰ-ਪੰਜ ਸਾਲ ਤੱਕ ਗਰਮੀਆਂ ਵਿੱਚ ਲੂ ਤੋਂ ਬਚਾਉਣਾ ਜ਼ਰੂਰੀ ਹੈ, ਜਿਸ ਲਈ ਬੂਟਿਆਂ ਨੂੰ ਸਰਕੰਡੇ ਜਾਂ ਕਾਹੀ ਨਾਲ ਢੱਕ ਕੇ ਬੂਟਿਆਂ ਦੇ ਚੌਗਿਰਦੇ ਜੰਤਰ ਬੀਜ ਕੇ ਬਚਾਇਆ ਜਾ ਸਕਦਾ ਹੈ ।

**ਸਿੰਚਾਈ ਪ੍ਰਬੰਧਨ** : ਆਮ ਦੇਖਣ ਵਿੱਚ ਆਇਆ ਹੈ ਕਿ ਬਾਗਬਾਨ ਲੀਚੀ ਦੇ ਬਾਗਾਂ ਵਿੱਚ ਲੋੜ ਤੋਂ ਵੱਧ ਪਾਣੀ ਲਗਾਉਂਦੇ ਹਨ, ਜਿਸ ਕਾਰਨ ਬੂਟੇ ਸੁੱਕ ਜਾਂਦੇ ਹਨ । ਸੋ 3-4 ਸਾਲਾਂ ਤੱਕ ਫਲਦਾਰ ਬੂਟਿਆਂ ਨੂੰ ਹਰ ਹਫਤੇ ਅਤੇ ਪੁਰਾਣੇ ਬੂਟਿਆਂ ਨੂੰ 2-3 ਹਫਤਿਆਂ ਪਿੱਛੋਂ ਮੌਸਮ, ਵਰਖਾ ਅਤੇ ਮਿੱਟੀ ਦੀ ਕਿਸਮ ਅਨੁਸਾਰ ਸਿੰਚਾਈ ਕਰਨੀ ਚਾਹੀਦੀ ਹੈ । ਅਪ੍ਰੈਲ ਵਿੱਚ ਫਲ ਲੱਗਣ ਤੋਂ ਬਾਅਦ ਸਿੰਚਾਈ ਕਰਨੀ ਅਤਿ ਜ਼ਰੂਰੀ ਹੈ, ਨਹੀਂ ਤਾਂ ਸਾਰੇ ਫੁੱਲ ਅਤੇ ਫਲ ਝੜ ਜਾਂਦੇ ਹਨ ।

**ਸਰਵਪ੍ਰਿਆ ਸਿੰਘ, ਸੁਮਨਜੀਤ ਕੌਰ ਅਤੇ ਨਵਪ੍ਰੇਮ ਸਿੰਘ, ਪੀ. ਏ. ਯੂ., ਫਾਰਮ ਸਲਾਹਕਾਰ ਸੇਵਾ ਕੇਂਦਰ, ਗੁਰਦਾਸਪੁਰ (ਮੋ. 85449-71933)**

**ਲੀਚੀ ਦੇ ਫਲਾਂ ਦਾ ਕੇਰਾ** : ਕੇਰੇ ਦੀ ਸਮੱਸਿਆ ਸਿੱਧੀ ਝਾੜ 'ਤੇ ਅਸਰ ਕਰਦੀ ਹੈ । ਲੀਚੀ ਦੀਆਂ ਵੱਖ-ਵੱਖ



ਕਿਸਮਾਂ ਵਿੱਚ 12-18 ਪ੍ਰਤੀਸ਼ਤ ਤੱਕ ਫੁੱਲ ਹੀ ਫਲ ਤੱਕ ਪਹੁੰਚਦੇ ਹਨ । ਕੇਰੇ ਦੀ ਸਮੱਸਿਆ ਫੁੱਲ ਪੈਣ ਤੋਂ ਸ਼ੁਰੂ ਹੋ ਕੇ ਤੁੜਾਈ ਤੱਕ ਰਹਿੰਦੀ ਹੈ । ਪਰ ਫਲ ਪੈਣ ਦੇ ਪਹਿਲੇ 2-4 ਹਫਤਿਆਂ ਤੱਕ ਸਮੱਸਿਆ ਵੱਧ ਰਹਿੰਦੀ ਹੈ । ਇਸ ਦੇ ਮੁੱਖ ਕਾਰਨ ਤੇਜ਼ ਹਵਾਵਾਂ, ਅੰਦਰੂਨੀ ਹਾਰਮੋਨਜ਼ ਅਤੇ ਤੱਤਾਂ ਦੀ ਘਾਟ, ਤਾਪਮਾਨ, ਘੱਟ ਨਮੀ ਆਦਿ ਹਨ । ਜੇ ਬਾਗ ਦੇ ਆਲੇ-ਦੁਆਲੇ ਹਵਾ ਰੋਕੂ ਵਾੜ ਲੱਗੀ ਹੋਵੇ ਤਾਂ ਇਸ ਤੋਂ ਨਿਜਾਤ ਮਿਲਦੀ ਹੈ । ਲੀਚੀ ਦੇ ਫਲਾਂ ਦੇ ਕੇਰੇ ਦੀ ਰੋਕਥਾਮ ਲਈ ਫਲ ਪੈਣ ਤੋਂ 10 ਦਿਨਾਂ ਬਾਅਦ 20 ਪੀ. ਪੀ. ਐਮ. (20 ਮਿਲੀਗ੍ਰਾਮ ਪ੍ਰਤੀ ਲੀਟਰ ਪਾਣੀ) ਨੈਪਥਲੀਨ ਐਸਟਿਕ ਐਸਿਡ ਦਾ ਛਿੜਕਾਅ ਕਰੋ ।

**ਲੀਚੀ ਵਿੱਚ ਫਲਾਂ ਦਾ ਫੱਟਣਾ ਅਤੇ ਧੁੱਪ ਦਾ ਸਾੜਾ** : ਜਦੋਂ ਮਈ ਮਹਿਨੇ ਵਿੱਚ ਤਾਪਮਾਨ 40 ਡਿਗਰੀ ਸੈਂਟੀਗ੍ਰੇਡ ਤੋਂ ਵੱਧ ਜਾਂਦਾ ਹੈ ਤਾਂ ਸਾਰੀਆਂ ਹੀ ਕਿਸਮਾਂ ਦੇ ਫਲ ਧੁੱਪ ਨਾਲ ਝੁਲਸ ਕੇ ਫੱਟ ਜਾਂਦੇ ਹਨ । ਸੋਕੇ ਤੋਂ ਬਾਅਦ ਵਰਖਾ ਜਾਂ ਵਧੇਰੇ ਪਾਣੀ ਦੇਣਾ, ਇਸ ਸਮੱਸਿਆ ਦਾ ਮੁੱਖ ਕਾਰਨ ਹੈ । ਇਸ ਤੋਂ ਇਲਾਵਾ ਹਾਰਮੋਨ ਅਤੇ ਖੁਰਾਕੀ ਤੱਤਾਂ ਦੇ ਅਸੰਤੁਲਨ ਨਾਲ ਵੀ ਇਹ ਸਮੱਸਿਆ ਵਧਦੀ ਹੈ । ਇਸ ਸਮੱਸਿਆ ਤੋਂ ਬੱਚਣ ਲਈ ਅਪ੍ਰੈਲ ਤੋਂ ਜੂਨ ਤੱਕ ਥੋੜ੍ਹੇ-ਥੋੜ੍ਹੇ ਵਕਫ਼ੇ 'ਤੇ ਹਲਕਾ ਪਾਣੀ ਦਿੰਦੇ ਰਹੋ । ਤਿਆਰ ਫਲਾਂ ਦੀ ਅਗੇਤੀ ਤੁੜਾਈ ਅਤੇ ਤੇਜ਼ ਧੁੱਪ ਤੋਂ ਬੂਟੇ ਦਾ ਬਚਾਅ ਵੀ ਇਸ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਹੱਲ ਕਰ ਸਕਦਾ ਹੈ । ਲੀਚੀ ਦੀ ਅਗੇਤੀ ਕਿਸਮ ਦੇਹਰਾਦੂਨ ਵਿੱਚ ਇਹ ਸਮੱਸਿਆ ਜ਼ਿਆਦਾ ਆਉਂਦੀ ਹੈ, ਜਦੋਂਕਿ ਕਲਕੱਤੀਆ ਕਿਸਮ ਦਾ ਫਲ ਨਹੀਂ ਫੱਟਦਾ । ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਢੁੱਕਵਾਂ ਸਿੰਚਾਈ ਪ੍ਰਬੰਧਨ ਕਰੋ ।

# ਦੇਸ਼ ਵਿਚ ਊਰਜਾ ਸਰੋਤਾਂ ਨੂੰ ਸੁਰਜੀਤ ਕਰਨ ਦੀ ਲੋੜ

ਊਰਜਾ ਕਿਸੇ ਵੀ ਦੇਸ਼ ਦੀ ਮੁੱਢਲੀ ਲੋੜ ਹੈ ਅਤੇ ਸੂਰਜ ਊਰਜਾ ਦਾ ਮੂਲ ਸਰੋਤ ਹੈ । ਸੂਰਜੀ ਊਰਜਾ ਨੇ ਧਰਤੀ ਹੇਠਾਂ ਦੱਬੇ ਜੀਵ-ਜੰਤੂਆਂ ਦੇ ਬਨਸਪਤੀ ਨੂੰ ਲੱਖਾਂ-ਕਰੋੜਾਂ ਸਾਲਾਂ ਵਿਚ ਕੋਲੇ ਅਤੇ ਪੈਟਰੋਲੀਅਮ ਦਾ ਰੂਪ ਦਿੱਤਾ ਹੈ । ਇਹ ਫਾਸਿਲ ਬਾਲਣ ਤੇ ਲੱਕੜੀ ਸਾਡੇ ਲਈ ਊਰਜਾ ਦੇ ਪ੍ਰੰਪਰਾਗਤ ਸਾਧਨ ਹਨ ਇਹ ਭੰਡਾਰ ਇੰਨੀ ਛੇਤੀ ਭਰ ਨਹੀਂ ਸਕਦੇ । ਇਸ ਲਈ ਇਨ੍ਹਾਂ ਦੇ ਖਤਮ ਹੋਣ ਦਾ ਡਰ ਹੈ, ਜਿਸ ਕਾਰਨ ਊਰਜਾ ਦਾ ਸੰਕਟ ਖੜ੍ਹਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਇਸ ਲਈ ਭਾਰਤ ਨੂੰ ਊਰਜਾ ਦੇ ਪੁਨਰ-ਨਵਿਆਉਣਯੋਗ ਸਰੋਤਾਂ ਤੋਂ ਵੱਧ ਤੋਂ ਵੱਧ ਲਾਭ ਲੈਣ ਦੀ ਜ਼ਰੂਰਤ ਹੈ । ਇਹ ਸਰੋਤ ਪੌਣ, ਪਾਣੀ, ਸਾਗਰ, ਸੂਰਜ, ਐਟਮੀ ਸ਼ਕਤੀ ਤੇ ਬਾਇਓ ਊਰਜਾ ਦੇ ਰੂਪ ਵਿਚ ਪ੍ਰਾਪਤ ਹਨ । ਇਨ੍ਹਾਂ ਦਾ ਲਾਭ ਲੈਣ ਨਾਲ ਇਕ ਪਾਸੇ ਊਰਜਾ ਸੰਕਟ ਉੱਤੇ ਕਾਬੂ ਪਵੇਗਾ, ਦੂਸਰੇ ਪਾਸੇ ਫਾਸਿਲ ਬਾਲਣਾ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਦੀ ਸਮੱਸਿਆ ਉੱਪਰ ਪਾਉਣ ਵਿਚ ਮੱਦਦ ਮਿਲੇਗੀ । ਦੁੱਖ ਦੀ ਗੱਲ ਇਹ ਹੈ ਕਿ ਭਾਰਤ ਵਿਚ ਇਸ ਵਿਸ਼ੇ ਉੱਤੇ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ ਅਤੇ ਸਾਡੇ ਬਹੁਤੇ ਪੜ੍ਹੇ-ਲਿਖੇ ਲੋਕ ਵੀ ਇਸ ਪੱਖੋਂ ਸੁਚੇਤ ਨਹੀਂ ਹਨ । ਇਨ੍ਹਾਂ ਨੂੰ ਨਾ ਇਸ ਦੇ ਮਹੱਤਵ ਦਾ ਪਤਾ ਹੈ ਅਤੇ ਨਾ ਹੀ ਇਸ ਸਾਰੇ ਕੁਝ ਦੇ ਵਿਗਿਆਨਕ ਆਧਾਰਾਂ ਦੀ ਸੋਝੀ ਹੈ ।

ਸੂਰਜੀ ਊਰਜਾ ਨਾਲ ਸੋਲਰ-ਸੈੱਲ-ਪੈਨਲਾਂ ਅਤੇ ਖਾਸੀ ਮਾਤਰਾ ਵਿਚ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ । ਪਾਣੀ ਗਰਮ ਕੀਤਾ ਜਾ ਸਕਦਾ ਹੈ । ਸੋਲਰ-ਕੁੱਕਰ ਘਰੇਲੂ ਕੰਮ ਕਰ ਸਕਦਾ ਹੈ ।



ਸੋਲਰ-ਪੈਨਲ ਨਾਲ ਕਮਰਿਆਂ ਨੂੰ ਗਰਮ ਅਤੇ ਠੰਢਾ ਰੱਖਣ ਦੇ ਸਿਸਟਮ ਤਿਆਰ ਕੀਤੇ ਜਾ ਸਕਦੇ ਹਨ । ਪਾਣੀ ਦੀ ਭਾਫ ਬਣਾ ਕੇ ਜੈਨੇਰਟਰ ਆਦਿ ਚਲਾਏ ਜਾ ਸਕਦੇ ਹਨ । ਹਵਾਵਾਂ ਵਿਚ ਵੀ ਊਰਜਾ ਹੈ, ਜੋ ਤੂਫਾਨ ਵਿਚ ਉੱਖੜੇ ਰੁੱਖਾਂ ਦੇ ਰੂਪ ਵਿਚ ਪਛਾਣੀ ਜਾ ਸਕਦੀ ਹੈ । ਹਨੇਰੀਆਂ ਅਤੇ ਤੇਜ਼ ਹਵਾਵਾਂ ਵਾਲੇ ਇਲਾਕਿਆਂ ਜਿਵੇਂ ਕੰਨਿਆਕੁਮਾਰੀ ਆਦਿ ਵਰਗੇ ਖੇਤਰਾਂ ਵਿਚ ਕੁਝ ਵੱਡੀਆਂ ਪਣ-ਊਰਜਾ ਟਰਬਾਈਨਾਂ ਵਾਲੇ ਪਲਾਂਟ ਜਰਮਨ ਕੰਪਨੀਆਂ ਦੀ ਸਹਾਇਤਾ ਨਾਲ ਲਗਾਏ ਗਏ ਹਨ, ਪਰ ਇਹ ਨਾਕਾਫੀ ਹਨ । ਰਾਜਸਥਾਨ, ਬੰਗਾਲ, ਅਸਾਮ, ਹਿਮਾਚਲ ਅਤੇ ਦੇਸ਼ ਦੇ ਹੋਰ ਕਿੰਨੀਆਂ ਹੀ ਥਾਵਾਂ ਵਿਚ ਹਵਾਵਾਂ ਸਰਵੇ ਉਪਰੰਤ ਇਹ ਪਲਾਂਟ ਲੱਗ ਸਕਦੇ ਹਨ ।

ਸੂਰਜ ਵਿਚ ਊਰਜਾ ਪੈਦਾ ਹੋਣ ਦਾ ਵਿਗਿਆਨਕ ਆਧਾਰ ਨਿਊਕਲੀਅਰ ਸੰਯੋਜਨ ਹੈ । ਇਸ ਵਿਧੀ ਨਾਲ ਦੇਸ਼ ਵਿਚ 50 ਹਜ਼ਾਰ ਮੈਗਾਵਾਟ ਬਿਜਲੀ ਸਹਿਜੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ । ਐਟਮ ਅਤੇ ਹਾਈਡਰੋਜਨ ਬੰਬਾਂ ਦੀ ਥਾਂ ਐਟਮੀ ਊਰਜਾ ਪਲਾਂਟਾਂ ਨਾਲ ਅਸੀਂ ਆਪਣੀਆਂ ਊਰਜਾ ਜ਼ਰੂਰਤਾਂ ਦੀ ਪੂਰਤੀ ਕਰਕੇ ਦੇਸ਼ ਦਾ ਭਵਿੱਖ ਉਜਲਾ ਕਰ ਸਕਦੇ ਹਾਂ ।

ਇਸੇ ਤਰ੍ਹਾਂ ਬਾਇਓ ਗੈਸ ਪਲਾਂਟ ਲਗਾਉਣ ਅਤੇ ਬਾਇਓ ਊਰਜਾ ਦੀ ਸੁਚੱਜੀ ਵਰਤੋਂ ਕਰਕੇ ਕੂੜੇ-ਕਚਰੇ ਦੇ ਡੰਪ ਦੇਸ਼ ਦੀ ਖੁਸ਼ਹਾਲੀ ਲਈ ਵਰਤਣੇ ਸੰਭਵ ਹੋ ਸਕਦੇ ਹਨ । ਸਾਗਰ ਦੀਆਂ ਲਹਿਰਾਂ ਨੂੰ ਵੀ ਊਰਜਾ ਪੈਦਾ ਕਰਨ ਲਈ ਵਰਤਿਆ ਜਾ ਸਕਦਾ ਹੈ । ਧਰਤੀ ਹੇਠਲੀ ਗਰਮੀ ਨਾਲ ਜੀਓ ਥਰਮਲ ਪਲਾਂਟਾਂ ਦੀ ਸਥਾਪਨਾ ਕੀਤੀ ਜਾ ਸਕਦੀ ਹੈ । ਨਦੀਆਂ/ਦਰਿਆਵਾਂ ਦਾ ਉੱਚੀਆਂ ਥਾਵਾਂ 'ਤੇ ਦਾਖਲ ਹੋਣ ਦਾ ਹਰ ਮੌਕਾ ਊਰਜਾ ਦਾ ਵਧੀਆ ਸਰੋਤ ਪੈਦਾ ਕਰ ਸਕਦਾ ਹੈ ।

**ਸੁਖਮੰਦਰ ਸਿੰਘ ਤੂਰ,** ਪਿੰਡ ਤੇ ਡਾਕ-ਖੋਸਾ ਪਾਂਡੋ (ਮੋਗਾ) ।

# ਆਖਰ ਪੰਜਾਬ ਕਿਵੇਂ ਬਣੇ ਖੁਸ਼ਹਾਲ ਸੂਬਾ?



ਡਾ. ਸ. ਸ. ਛੀਨਾ

ਪੰਜਾਬ ਵਿੱਚੋਂ ਨਿਰਯਾਤ ਹੋਣ ਵਾਲੀ ਸਭ ਤੋਂ ਵੱਡੀ ਵਸਤੂ ਬਾਸਮਤੀ ਹੈ, ਜਿਹੜੀ ਹਰ ਸਾਲ ਪ੍ਰਾਂਤ ਲਈ 20 ਹਜ਼ਾਰ ਕਰੋੜ ਰੁਪਏ ਤੋਂ ਉੱਪਰ ਕਮਾਈ ਕਰਦੀ ਹੈ। ਪੰਜਾਬ ਖੇਤੀ ਵਿੱਚ ਦੇਸ਼ ਦਾ ਸਭ ਤੋਂ ਉੱਨਤ ਸੂਬਾ ਹੈ। ਇਸ ਨੂੰ ਫਾਰਮ ਸਟੇਟ ਕਿਹਾ ਜਾਂਦਾ ਹੈ, ਕਿਉਂ ਜੋ ਇਸ ਦੇ 100 ਫੀਸਦੀ ਖੇਤਰ 'ਤੇ ਖੇਤੀ ਕੀਤੀ ਜਾ ਸਕਦੀ ਹੈ, ਜਦੋਂਕਿ ਰਾਸ਼ਟਰੀ ਪੱਧਰ 'ਤੇ ਇਹ 46 ਫੀਸਦੀ ਹੈ। ਪੰਜਾਬ ਦੇ 99.5 ਫੀਸਦੀ ਖੇਤਰ ਨੂੰ ਲਗਾਤਾਰ ਸਿੰਚਾਈ ਸਹੂਲਤਾਂ ਹਨ, ਜਦੋਂਕਿ ਭਾਰਤ ਵਿੱਚ ਇਹ ਸਹੂਲਤ ਸਿਰਫ 42 ਫੀਸਦੀ ਹੈ। ਪੰਜਾਬ ਕੋਲ ਭਾਵੇਂ ਦੇਸ਼ ਦਾ ਸਿਰਫ 1.5 ਫੀਸਦੀ ਖੇਤਰ ਹੈ, ਪਰ ਇਹ ਦੇਸ਼ ਦੇ ਅਨਾਜ ਭੰਡਾਰਾਂ ਵਿੱਚ 60 ਫੀਸਦੀ ਦਾ ਹਿੱਸਾ ਪਾਉਂਦਾ ਰਿਹਾ ਹੈ।

ਦੇਸ਼ ਵਿੱਚ ਪੈਦਾ ਹੋਣ ਵਾਲੀ ਕਣਕ ਵਿੱਚ ਪੰਜਾਬ ਦਾ ਹਿੱਸਾ 11% ਹੈ, ਜਦੋਂਕਿ ਝੋਨੇ ਵਿੱਚ 10% ਅਤੇ ਕਪਾਹ ਵਿੱਚ ਪੰਜਾਬ ਦਾ 5% ਹਿੱਸਾ ਹੋਣ ਦੇ ਬਾਵਜੂਦ ਇਸ ਦੇ ਕਿਸਾਨ ਸਿਰ ਪ੍ਰਤੀ ਘਰ ਦੇਸ਼ ਭਰ ਵਿੱਚ ਸਭ ਤੋਂ ਵੱਧ ਕਰਜ਼ਾ ਹੈ। ਪੰਜਾਬ ਵਿੱਚ ਵੱਡੀ ਬੇਰੁਜ਼ਗਾਰੀ ਹੈ। ਇਹੋ ਵਜ੍ਹਾ ਹੈ ਕਿ ਕੇਰਲ ਤੋਂ ਬਾਅਦ ਪੰਜਾਬ ਹੀ ਉਹ ਪ੍ਰਾਂਤ ਹੈ, ਜਿਸ ਦੇ ਸਭ ਤੋਂ ਜ਼ਿਆਦਾ ਲੋਕ ਵਿਦੇਸ਼ਾਂ ਵਿੱਚ ਚੱਲੇ ਗਏ ਹਨ। ਸਵਾਲ ਉੱਠਦਾ ਹੈ ਕਿ ਕੀ ਪੰਜਾਬ, ਖੇਤੀ 'ਤੇ ਨਿਰਭਰ ਹੋਣ ਕਰਕੇ ਖੁਸ਼ਹਾਲ ਬਣ ਸਕਦਾ ਹੈ ? ਇਸ ਦਾ ਉੱਤਰ ਬਿਲਕੁਲ ਨਾਂਹ ਵਿੱਚ ਹੈ। ਇਸ ਨੂੰ ਉਦਯੋਗੀਕਰਨ ਵੱਲ ਵਧਣਾ ਚਾਹੀਦਾ ਹੈ, ਜਿਸ ਵਿੱਚ ਖੇਤੀ ਆਧਾਰਿਤ ਸਨਅਤਾਂ ਲਾਈਆਂ ਜਾਣੀਆਂ ਪਹਿਲਾ ਜ਼ਰੂਰੀ ਕੰਮ ਹੈ। ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਖੇਤੀ ਦਾ ਹਿੱਸਾ ਸਿਰਫ 19 ਫੀਸਦੀ ਹੈ, ਜਦੋਂਕਿ ਵਸੋਂ 60 ਫੀਸਦੀ ਹੈ। ਬਾਕੀ ਦੀ 40 ਪ੍ਰਤੀਸ਼ਤ ਵਸੋਂ ਦੇ ਹਿੱਸੇ ਵਿੱਚ 81% ਆਮਦਨ ਆਉਂਦੀ ਹੈ, ਜਿਹੜੀ ਦੋ ਗੱਲਾਂ ਨੂੰ ਸਪੱਸ਼ਟ ਕਰਦੀ ਹੈ। ਪਹਿਲੀ ਇਹ ਕਿ ਖੇਤੀ ਅਤੇ ਗੈਰ-ਖੇਤੀ ਆਮਦਨ ਵਿੱਚ ਬਹੁਤ ਫਰਕ ਹੈ ਅਤੇ ਦੂਸਰਾ ਇਹ ਕਿ ਖੇਤੀ ਵਿੱਚ ਲੱਗੀ 60 ਫੀਸਦੀ ਵਸੋਂ ਅਰਧ ਬੇਰੁਜ਼ਗਾਰ ਹੈ ਅਤੇ ਉਸ ਨੂੰ ਖੇਤੀ ਤੋਂ ਉਦਯੋਗਾਂ ਵੱਲ ਬਦਲਣਾ ਚਾਹੀਦਾ ਹੈ। ਦੁਨੀਆਂ ਦਾ ਕੋਈ ਵੀ ਖੁਸ਼ਹਾਲ ਦੇਸ਼ ਜਿਵੇਂ ਅਮਰੀਕਾ, ਕੈਨੇਡਾ, ਜਰਮਨੀ, ਫਰਾਂਸ ਆਦਿ ਸਭ ਉਦਯੋਗਿਕ ਦੇਸ਼ ਹਨ। ਉਨ੍ਹਾਂ ਦੇਸ਼ਾਂ ਵਿੱਚ ਖੇਤੀ ਵਿੱਚ ਸਿਰਫ 5 ਫੀਸਦੀ ਜਾਂ ਇਸ ਤੋਂ ਵੀ ਘੱਟ ਵਸੋਂ ਲੱਗੀ ਹੋਈ ਹੈ।

ਇਸ ਤਰ੍ਹਾਂ ਹੀ ਇਸ 5 ਫੀਸਦੀ ਵਸੋਂ ਦਾ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਹਿੱਸਾ ਵੀ 5 ਫੀਸਦੀ ਹੀ ਹੈ, ਜਦੋਂਕਿ ਭਾਰਤ ਵਿੱਚ ਇਸ ਤੋਂ ਬਿਲਕੁਲ ਉਲਟ ਹੈ। ਪੰਜਾਬ ਜੋ 2000 ਸੰਨ ਤੱਕ ਪ੍ਰਤੀ ਵਿਅਕਤੀ ਆਮਦਨ ਵਿੱਚ ਪਹਿਲੇ ਨੰਬਰ 'ਤੇ ਸੀ, ਹੁਣ ਖਿਸਕ ਕੇ 12ਵੇਂ ਨੰਬਰ 'ਤੇ ਆ ਗਿਆ ਹੈ। ਇਸ ਤਰ੍ਹਾਂ ਹੀ ਇਹ ਪ੍ਰਾਂਤ ਜਿਹੜਾ ਨਿਰਯਾਤ ਵਿੱਚ ਕਿਸੇ ਵਕਤ ਦੂਸਰੇ ਸਥਾਨ 'ਤੇ ਸੀ, ਹੁਣ 15ਵੇਂ ਸਥਾਨ 'ਤੇ ਹੈ। ਪੰਜਾਬ, ਬੰਦਰਗਾਹਾਂ ਤੋਂ 1500 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਪਰ ਫਿਰ ਵੀ ਇਹ ਕਿਸੇ ਵੇਲੇ ਹੌਜ਼ਰੀ, ਗਰਮ ਕੱਪੜਿਆਂ, ਸਾਈਕਲਾਂ ਅਤੇ ਮਸ਼ੀਨਾਂ ਦੇ ਪੁਰਜ਼ਿਆਂ ਦਾ ਬਹੁਤ ਵੱਡਾ ਨਿਰਯਾਤਕਾਰ ਸੀ, ਜਿਹੜੀ ਸਥਿਤੀ ਹੁਣ ਨਹੀਂ। ਹੁਣ ਵੀ ਪੰਜਾਬ ਵਿੱਚੋਂ ਨਿਰਯਾਤ ਹੋਣ ਵਾਲੀ ਸਭ ਤੋਂ ਵੱਡੀ ਵਸਤੂ ਬਾਸਮਤੀ ਹੈ, ਜਿਹੜੀ ਹਰ ਸਾਲ ਪ੍ਰਾਂਤ ਲਈ 20 ਹਜ਼ਾਰ ਕਰੋੜ ਰੁਪਏ ਤੋਂ ਉੱਪਰ ਕਮਾਈ ਕਰਦੀ ਹੈ, ਜਦੋਂਕਿ ਬਾਕੀ ਦੀਆਂ ਸਾਰੀਆਂ ਖੁਰਾਕੀ ਵਸਤਾਂ ਮਿਲ ਕੇ ਸਿਰਫ 305 ਕਰੋੜ ਰੁਪਏ ਦੀ ਕਮਾਈ ਕਰਦੀਆਂ ਹਨ।

**ਬਾਸਮਤੀ ਪੰਜਾਬ ਵਿੱਚ ਹੀ ਵੱਧ ਪੈਦਾ ਹੁੰਦੀ ਹੈ ਅਤੇ ਕਮਾਈ ਦਾ ਵੱਡਾ ਸਾਧਨ ਹੈ। ਇਵੇਂ ਹੀ ਸੂਬੇ ਤੋਂ ਹੋਰ ਵਸਤਾਂ ਜਿਨ੍ਹਾਂ ਵਿੱਚ ਨਿਰਯਾਤ ਸਮਰੱਥਾ ਹੈ, ਉਨ੍ਹਾਂ ਦੀ ਬਰਾਮਦ ਵੀ ਵਧਣੀ ਚਾਹੀਦੀ ਹੈ।**

ਬਾਸਮਤੀ ਪੰਜਾਬ ਵਿੱਚ ਹੀ ਜ਼ਿਆਦਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਹੀ ਪੰਜਾਬ ਤੋਂ ਹੋਰ ਵਸਤਾਂ ਜਿਨ੍ਹਾਂ ਵਿੱਚ ਨਿਰਯਾਤ ਸਮਰੱਥਾ ਹੈ, ਉਨ੍ਹਾਂ ਦੀ ਬਰਾਮਦ



ਵੀ ਵਧਣੀ ਚਾਹੀਦੀ ਹੈ ਅਤੇ ਉਹ ਖੇਤੀ ਆਧਾਰਤ ਵਸਤਾਂ ਹੀ ਹੋ ਸਕਦੀਆਂ ਹਨ, ਜੋ ਸੰਸਾਰ ਦੀਆਂ ਮੰਡੀਆਂ ਵਿੱਚ ਮੁਕਾਬਲਾ ਕਰਨਯੋਗ ਬਣ ਸਕਦੀਆਂ ਹਨ। ਦੁਨੀਆਂ ਦੇ ਵਿਕਸਿਤ ਦੇਸ਼ਾਂ ਵਿੱਚ 86 ਫੀਸਦੀ ਖੇਤੀ ਵਸਤਾਂ ਨੂੰ ਡੱਬੇਬੰਦ ਕਰਕੇ ਤਿਆਰ ਵਸਤਾਂ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਨਿਰਯਾਤ ਕੀਤਾ ਜਾਂਦਾ ਹੈ। ਪਰ ਪੰਜਾਬ ਵਿੱਚ ਸਿਰਫ 12 ਫੀਸਦੀ ਖੇਤੀ ਵਸਤਾਂ ਨੂੰ ਹੀ ਤਿਆਰ ਵਸਤਾਂ ਦੇ ਰੂਪ ਵਿੱਚ ਬਦਲਿਆ ਜਾਂਦਾ ਹੈ। ਪੰਜਾਬ ਵਿੱਚ ਹਰ ਤਰ੍ਹਾਂ ਦੀਆਂ ਫ਼ਸਲਾਂ ਦੇ ਉਤਪਾਦਨ ਦੀ ਵੱਡੀ ਸਮਰੱਥਾ ਹੈ, ਇਸ ਲਈ ਖੇਤੀ ਆਧਾਰਤ ਉਦਯੋਗ ਕਿਉਂ ਵਿਕਸਿਤ ਨਹੀਂ ਹੋਏ, ਇਹ ਇੱਕ ਵਿਚਾਰਨ ਵਾਲੀ ਗੱਲ ਹੈ। ਅਸਲ ਵਿੱਚ ਜਦੋਂ ਦੇਸ਼ ਵਿੱਚ ਖੁਰਾਕ ਸਮੱਸਿਆ ਪੈਦਾ ਹੋਈ ਤਾਂ ਉਸ ਲਈ ਹਰਾ ਇਨਕਲਾਬ ਆਇਆ, ਜਿਸ ਵਿੱਚ ਭਾਵੇਂ ਨਵੇਂ ਬੀਜ, ਬੈਂਕਾਂ ਤੋਂ ਕਰਜ਼ਾ, ਬਿਜਲੀ ਵਿੱਚ ਵਾਧਾ, ਸੜਕਾਂ ਦਾ ਜਾਲ, ਘੱਟੋ-ਘੱਟ ਸਮਰੱਥਨ ਮੁੱਲ ਆਦਿ ਸਭ ਕੁਝ ਕੀਤਾ ਗਿਆ ਅਤੇ ਇਸ ਸਮੱਸਿਆ ਨੂੰ ਸਿਰਫ 2 ਸਾਲਾਂ ਵਿੱਚ ਹੀ ਦੂਰ ਕਰ ਦਿੱਤਾ ਗਿਆ। ਇਸ ਵਿੱਚ ਖਾਦਾਂ ਅਤੇ ਰਸਾਇਣਾਂ ਦੀ ਵਰਤੋਂ ਨਾਲ ਪ੍ਰਤੀ ਏਕੜ ਉਪਜ ਵਿੱਚ ਵਾਧਾ ਕੀਤਾ ਗਿਆ ਅਤੇ ਦੂਸਰਾ, ਦੋ ਫ਼ਸਲਾਂ ਕਣਕ ਅਤੇ ਝੋਨੇ ਨੂੰ ਸਰਕਾਰ ਵੱਲੋਂ ਆਪ ਖਰੀਦਣਾ ਯਕੀਨੀ ਬਣਾਇਆ ਗਿਆ।

ਇਹੋ ਕਾਰਨ ਸੀ ਕਿ ਇੱਕ ਤਰਫ ਕਣਕ ਅਤੇ ਝੋਨੇ ਦੇ ਅਧੀਨ ਖੇਤਰ ਵਧਦਾ ਗਿਆ ਅਤੇ ਦੂਸਰੀ ਤਰਫ ਦੂਸਰੀਆਂ ਫ਼ਸਲਾਂ ਜਿਵੇਂ ਛੋਲੇ, ਮਾਂਹ, ਮਸਰ, ਤਿਲ, ਤਾਰਾਮੀਰਾ, ਤੋਰੀਆ ਆਦਿ ਅਧੀਨ ਦਿਨ-ਬ-ਦਿਨ ਖੇਤਰ ਘਟਦਾ ਗਿਆ। ਪੰਜਾਬ ਵਿੱਚ 4 ਸਾਲ ਪਹਿਲਾਂ 28 ਲੱਖ ਹੈਕਟੇਅਰ ਰਕਬੇ 'ਤੇ ਝੋਨਾ ਬੀਜਿਆ ਜਾਂਦਾ ਸੀ। ਸਰਕਾਰ ਵੱਲੋਂ ਖੇਤੀ ਵਿਭਿੰਨਤਾ ਲਈ ਕਈ ਅਪੀਲਾਂ ਤਾਂ ਕੀਤੀਆਂ ਗਈਆਂ, ਪਰ ਹੁਣ ਇਹ ਖੇਤਰ ਬਜਾਏ ਘਟਣ ਦੇ ਵੱਧ ਕੇ 32 ਲੱਖ ਹੈਕਟੇਅਰ ਹੋ ਗਿਆ ਹੈ। ਇਸ ਤਰ੍ਹਾਂ ਹੀ ਕਣਕ ਅਧੀਨ ਖੇਤਰ ਵਧਿਆ ਹੈ। ਮੰਡੀਕਰਨ ਦੇ ਯਕੀਨੀ ਬਣਨ ਕਰਕੇ ਫਿਰੋਜ਼ਪੁਰ, ਫਾਜ਼ਿਲਕਾ ਜ਼ਿਲ੍ਹਿਆਂ ਦੇ ਟਿੱਬਿਆਂ 'ਤੇ ਵੀ ਝੋਨੇ ਦੀ ਖੇਤੀ ਕੀਤੀ ਜਾਂਦੀ ਹੈ। ਜਦੋਂ ਹੋਰ ਫ਼ਸਲਾਂ ਅਧੀਨ ਖੇਤਰ ਹੀ ਘੱਟ ਗਿਆ ਹੈ ਜਾਂ ਉਪਜ ਹੀ ਨਹੀਂ ਤਾਂ ਉਨ੍ਹਾਂ 'ਤੇ ਆਧਾਰਿਤ ਉਦਯੋਗਿਕ ਇਕਾਈਆਂ ਕਿਸ ਵਾਸਤੇ ਲੱਗਣਗੀਆਂ। ਜਦੋਂ ਉਨ੍ਹਾਂ ਨੂੰ ਕੱਚਾ ਮਾਲ ਹੀ ਨਹੀਂ ਮਿਲਣਾ ਤਾਂ ਉਹ ਕਿਵੇਂ ਇੰਨੀ ਪੂੰਜੀ ਲਾਉਣਗੇ। ਉਦਯੋਗਪਤੀ ਸਾਹਮਣੇ ਸਭ ਤੋਂ ਪਹਿਲੀ ਗੱਲ ਆਪਣੀ ਪੂੰਜੀ ਦੀ ਪੂਰੀ ਵਰਤੋਂ 'ਤੇ ਵੱਧ ਤੋਂ ਵੱਧ ਲਾਭ ਦਾ ਉਦੇਸ਼ ਹੈ।

**ਪੰਜਾਬ ਵਿੱਚ 4 ਸਾਲ ਪਹਿਲਾਂ 28 ਲੱਖ ਹੈਕਟੇਅਰ ਰਕਬੇ 'ਤੇ ਝੋਨਾ ਬੀਜਿਆ ਜਾਂਦਾ ਸੀ। ਸਰਕਾਰ ਵੱਲੋਂ ਖੇਤੀ ਵਿਭਿੰਨਤਾ ਲਈ ਕਈ ਅਪੀਲਾਂ ਤਾਂ ਕੀਤੀਆਂ ਗਈਆਂ, ਪਰ ਹੁਣ ਇਹ ਖੇਤਰ ਬਜਾਏ ਘਟਣ ਦੇ ਵੱਧ ਕੇ 32 ਲੱਖ ਹੈਕਟੇਅਰ ਹੋ ਗਿਆ ਹੈ। ਇਸ ਤਰ੍ਹਾਂ ਹੀ ਕਣਕ ਅਧੀਨ ਖੇਤਰ ਵਧਿਆ ਹੈ। ਮੰਡੀਕਰਨ ਦੇ ਯਕੀਨੀ ਬਣਨ ਕਰਕੇ ਫਿਰੋਜ਼ਪੁਰ, ਫਾਜ਼ਿਲਕਾ ਜ਼ਿਲ੍ਹਿਆਂ ਦੇ ਟਿੱਬਿਆਂ 'ਤੇ ਵੀ ਝੋਨੇ ਦੀ ਖੇਤੀ ਕੀਤੀ ਜਾਂਦੀ ਹੈ। ਜਦੋਂ ਹੋਰ ਫ਼ਸਲਾਂ ਅਧੀਨ ਖੇਤਰ ਹੀ ਘੱਟ ਗਿਆ ਹੈ ਜਾਂ ਉਪਜ ਹੀ ਨਹੀਂ ਤਾਂ ਉਨ੍ਹਾਂ 'ਤੇ ਆਧਾਰਿਤ ਉਦਯੋਗਿਕ ਇਕਾਈਆਂ ਕਿਸ ਵਾਸਤੇ ਲੱਗਣਗੀਆਂ। ਜਦੋਂ ਉਨ੍ਹਾਂ ਨੂੰ ਕੱਚਾ ਮਾਲ ਹੀ ਨਹੀਂ ਮਿਲਣਾ ਤਾਂ ਉਹ ਕਿਵੇਂ ਇੰਨੀ ਪੂੰਜੀ ਲਾਉਣਗੇ।**

ਇਸ ਤਰ੍ਹਾਂ ਦੀ ਸਥਿਤੀ ਵਿੱਚ ਉਹ ਕਿਵੇਂ ਆਪਣੀ ਇਕਾਈ ਲਾਉਣਗੇ। ਇਹ ਉਹ ਗੱਲ ਹੈ, ਜਿਸ 'ਤੇ ਪੰਜਾਬ ਸਰਕਾਰ ਨੂੰ ਕੇਂਦਰ ਦੀ ਮੱਦਦ ਨਾਲ ਧਿਆਨ ਦੇ



ਕੇ ਮਸਲਾ ਹੱਲ ਕਰਨ ਦੀ ਲੋੜ ਹੈ। ਕੇਂਦਰ ਵੱਲੋਂ ਹਰ ਸਾਲ 23 ਵਸਤਾਂ ਦੀ ਘੱਟੋ-ਘੱਟ ਖਰੀਦ ਕੀਮਤ ਘੋਸ਼ਿਤ ਕੀਤੀ ਜਾਂਦੀ ਹੈ, ਪਰ ਉਸ ਵਿੱਚੋਂ ਸਿਰਫ ਦੋ ਫ਼ਸਲਾਂ ਝੋਨਾ ਅਤੇ ਕਣਕ ਹੀ ਖਰੀਦੀਆਂ ਜਾਂਦੀਆ ਹਨ। ਕੇਂਦਰ ਸਰਕਾਰ ਬੇਸ਼ੱਕ ਪੂਰੇ ਭਾਰਤ ਵਿੱਚੋਂ ਨਾ ਖਰੀਦੇ, ਪਰ ਕੁਝ ਪ੍ਰਾਂਤਾਂ ਵਿੱਚੋਂ ਖਾਸ ਕਰਕੇ ਪੰਜਾਬ ਵਿੱਚੋਂ ਆਪ ਜਾਂ ਪੰਜਾਬ ਸਰਕਾਰ ਨਾਲ ਮਿਲ ਕੇ ਹੋਰ ਫ਼ਸਲਾਂ ਜਿਵੇਂ ਦਾਲਾਂ, ਖਾਣ ਵਾਲਾ ਤੇਲ, ਸਬਜ਼ੀਆਂ ਅਤੇ ਫਲਾਂ ਨੂੰ ਆਪ ਖਰੀਦਣ ਦੀ ਵਿਵਸਥਾ ਕਰੇ। ਇਸ ਦੇ ਸਿੱਟੇ ਉਹ ਮਿਲਣਗੇ, ਜੋ ਕਣਕ ਅਤੇ ਝੋਨੇ ਵਿੱਚ ਮਿਲੇ ਹਨ। ਹੁਣ ਸਰਕਾਰ ਕੋਲ ਕਣਕ ਅਤੇ ਝੋਨੇ ਦੇ ਇੰਨੇ ਭੰਡਾਰ ਹਨ ਕਿ ਉਹ ਆਸਾਨੀ ਨਾਲ ਆਪਣੇ ਦੇਸ਼ ਵਾਸੀਆਂ ਲਈ ਅਨਾਜ ਦੇ ਸਕਦੀ ਹੈ ਅਤੇ ਨਾਲ ਹੀ ਨਿਰਯਾਤ ਕਰ ਸਕਦੀ ਹੈ, ਜਿਸ ਤਰ੍ਹਾਂ ਚੌਲਾਂ ਦਾ ਪਹਿਲਾਂ ਹੀ ਨਿਰਯਾਤ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਅਰਧ ਬੇਰੁਜ਼ਗਾਰੀ ਰੋਕਣ ਅਤੇ ਖੇਤੀ ਤੋਂ ਆਮਦਨ ਵਧਾਉਣ ਲਈ ਖੇਤੀ ਆਧਾਰਿਤ ਉਦਯੋਗਾਂ ਨੂੰ ਵਿਕਸਿਤ ਕਰਨ ਲਈ ਇੱਕ ਖਾਸ ਨੀਤੀ 'ਤੇ ਅਮਲ ਕਰਨ ਦੀ ਲੋੜ ਹੈ, ਜਿਸ ਵਿੱਚ ਸਭ ਤੋਂ ਪਹਿਲਾਂ ਕੱਚੇ ਮਾਲ ਦੀ ਪੂਰਤੀ ਨੂੰ ਯਕੀਨ. ਬਣਾਉਣ ਅਤੇ ਫਿਰ ਨਵੇਂ ਉੱਦਮੀਆਂ ਲਈ ਵਿਸ਼ੇਸ਼ ਸਹੂਲਤਾਂ ਜਿਵੇਂ ਸਬਸਿਡੀ, ਟੈਕਸਾਂ ਵਿੱਚੋਂ ਰਿਆਇਤਾਂ, ਅਗਵਾਈ ਅਤੇ ਕਰਜ਼ੇ ਦੀਆਂ ਸਹੂਲਤਾਂ ਦੇ ਕੇ ਜਾਪਾਨ ਦੇ ਮਾਡਲ ਵਾਂਗ ਇੱਥੇ ਪਿੰਡਾਂ ਵਿੱਚ ਅਤੇ ਫਾਰਮਾਂ ਵਿੱਚ ਖਾਸ ਕਰਕੇ, ਉਨ੍ਹਾਂ ਥਾਵਾਂ 'ਤੇ ਜਿੱਥੇ ਕੱਚਾ ਮਾਲ ਮਿਲ ਸਕਦਾ ਹੈ, ਉਨ੍ਹਾਂ ਉੱਦਮੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਪੰਜਾਬ ਵਿੱਚ ਬੇਰੁਜ਼ਗਾਰੀ ਹੈ। ਇੱਥੇ ਪ੍ਰਾਂਤ ਦੀ ਸਰਕਾਰ ਵੀ ਆਮ ਜਨਤਾ ਦੀ ਸਮਾਜਿਕ ਸੁਰੱਖਿਆ ਵਿੱਚ ਵੱਡਾ ਯੋਗਦਾਨ ਨਹੀਂ ਪਾ ਸਕਦੀ, ਕਿਉਂ ਜੋ ਸਰਕਾਰ ਦੀ ਆਮਦਨ ਦੇ ਦੋ ਸਾਧਨ ਹਨ। ਇੱਕ ਟੈਕਸ ਅਤੇ ਦੂਸਰਾ ਸਰਕਾਰੀ ਵਪਾਰਕ ਅਦਾਰਿਆਂ ਤੋਂ ਆਮਦਨ। ਇਹ ਦੋਵੇਂ ਹੀ ਬਹੁਤ ਘੱਟ ਹਨ। ਸਗੋਂ ਸਰਕਾਰ ਸਿਰ ਬਹੁਤ ਵੱਡਾ ਕਰਜ਼ਾ ਹੈ। ਪੰਜਾਬ ਸਰਕਾਰ ਸਿਰ ਭਾਵੇਂ 2006-07 ਵਿੱਚ ਸਿਰਫ 40000 ਕਰੋੜ ਦਾ ਕਰਜ਼ਾ ਸੀ, ਪਰ ਉਹ 2016-17 ਵਿੱਚ ਵੱਧ ਕੇ 1.82 ਲੱਖ ਕਰੋੜ ਅਤੇ 2019-20 ਵਿੱਚ 1.93 ਲੱਖ ਕਰੋੜ, ਜਦੋਂਕਿ 2020-21 ਵਿੱਚ 2.60 ਲੱਖ ਕਰੋੜ ਰੁਪਏ ਹੋ ਗਿਆ, ਜਿਸ ਲਈ ਤਕਰੀਬਨ ਹਰ ਸਾਲ 20000 ਕਰੋੜ ਰੁਪਏ ਦੇ ਬਰਾਬਰ ਵਿਆਜ ਦੇਣਾ ਪੈਂਦਾ ਹੈ।

ਸਰਕਾਰ ਦੀ ਆਮਦਨ ਵਧਾਉਣ ਲਈ ਲੋਕਾਂ ਦੀ ਆਮਦਨ ਵਧਾਉਣਾ ਜ਼ਰੂਰੀ ਹੈ, ਤਾਂ ਕਿ ਉਨ੍ਹਾਂ ਦੀ ਟੈਕਸ ਦੇਣ ਦੀ ਸਮਰੱਥਾ ਵਧੇ। ਟੈਕਸ ਦਾ ਖੇਤਰ ਤਾਂ ਹੀ ਵੱਧ ਸਕਦਾ ਹੈ, ਜੇਕਰ ਪ੍ਰਾਂਤ ਵਿੱਚ ਰੁਜ਼ਗਾਰ ਵਧੇ, ਆਮ ਆਦਮੀ ਦੀ ਖਰੀਦ ਸ਼ਕਤੀ ਵਧੇ, ਜਿਸ ਨਾਲ ਟੈਕਸ ਦੇਣ ਦੀ ਸਮਰੱਥਾ ਵਧੇ। ਇਸ ਲਈ ਇਸ ਵਿੱਚ ਹੋਰ ਦੇਰੀ ਕਰਨ ਦੀ ਬਜਾਏ ਢੁੱਕਵੀਂ ਨੀਤੀ ਬਣਾ ਕੇ ਇਕਦਮ ਅਮਲ ਕਰਨਾ ਜ਼ਰੂਰੀ ਹੈ, ਜਿਸ ਨਾਲ ਖੇਤੀ ਆਧਾਰਿਤ ਉਦਯੋਗਾਂ ਵਿੱਚ ਪੰਜਾਬ ਦੇ ਹਰ ਖੇਤਰ ਵਿੱਚ ਵਾਧਾ ਹੋਵੇ। ਪੰਜਾਬ ਦੀ ਖੇਤੀ ਨੀਤੀ ਨਾਲ ਜੋ ਖੇਤੀ ਆਧਾਰਿਤ ਉਦਯੋਗਾਂ ਨੂੰ ਨਾ ਜੋੜਿਆ ਤਾਂ ਉਸ ਨਾਲ ਤਸੱਲੀਬਖਸ਼ ਸਿੱਟੇ ਨਹੀਂ ਮਿਲਣਗੇ।

# ਖੇਤੀਬਾੜੀ/ਬਾਗਬਾਨੀ ਦੀ ਪੜ੍ਹਾਈ ਰੁਜ਼ਗਾਰ ਦਾ ਵਧੀਆ ਸਾਧਨ




ਰਵਾਇਤੀ ਖੇਤੀ ਵਿੱਚ ਵਿਭਿੰਨਤਾ ਲਿਆਉਣ ਲਈ ਦਾਲਾਂ, ਸਬਜ਼ੀਆਂ, ਫੁੱਲਾਂ ਦੀ ਖੇਤੀ, ਨਕਦੀ ਫ਼ਸਲਾਂ (ਜਿਵੇਂ ਗੰਨਾ, ਕਪਾਹ), ਖੁੰਬਾਂ ਦੀ ਕਾਸ਼ਤ, ਫਲ-ਸਬਜ਼ੀਆਂ ਦੀ ਪ੍ਰੋਸੈਸਿੰਗ ਕਰਨਾ, ਸ਼ਹਿਦ ਦੀਆਂ ਮੱਖੀਆਂ ਪਾਲਣਾ, ਗੰਡੋਇਆਂ ਦੀ ਖਾਦ ਤਿਆਰ ਕਰਨਾ, ਸੀਜ਼ਨਲ ਫੁੱਲਾਂ ਦੇ ਗਮਲੇ ਤਿਆਰ ਕਰਨਾ, ਸਜਾਵਟੀ ਫੁੱਲਾਂ ਦੀ ਨਰਸਰੀ, ਫਲਦਾਰ ਬੂਟਿਆਂ ਦੀ ਨਰਸਰੀ, ਸਬਜ਼ੀਆਂ ਦੀਆਂ ਪਨੀਰੀਆਂ ਦੀ ਨਰਸਰੀ, ਰੇਸ਼ਮ ਦੇ ਕੀੜੇ ਪਾਲਣਾ, ਮੈਡੀਸਨਲ ਪੌਦੇ ਤਿਆਰ ਕਰਨੇ, ਆਰਗੈਨਿਕ ਖੇਤੀ, ਗੁੜ ਬਣਾਉਣਾ, ਫੁੱਲਾਂ ਦੇ ਬੀਜ ਤਿਆਰ ਕਰਨਾ ਅਤੇ ਲੈਂਡ ਸਕੇਪਿੰਗ ਦੇ ਕੰਮ ਕਰਨਾ ਸ਼ਾਮਿਲ ਹੈ।



ਡਾ. ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ, ਪਟਿਆਲਾ।
ਮੋ : 75080-18903

ਪੰਜਾਬ ਅਤੇ ਕੇਂਦਰੀ ਸਰਕਾਰਾਂ ਵੱਲੋਂ ਖੇਤੀ ਵਿੱਚ ਵਿਭਿੰਨਤਾ ਲਿਆਉਣ ਲਈ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਕੰਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਪੰਜਾਬ ਸਰਕਾਰ ਦਾ ਖੇਤੀਬਾੜੀ/ਬਾਗਬਾਨੀ ਵਿਭਾਗ ਅਹਿਮ ਰੋਲ ਅਦਾ ਕਰ ਰਹੇ ਹਨ। ਜਿਹੜੇ ਕਿਸਾਨ ਉਕਤ ਵਿਭਾਗਾਂ ਨਾਲ ਤਾਲਮੇਲ ਰੱਖਦੇ ਹਨ, ਉਹ ਰਵਾਇਤੀ ਖੇਤੀ ਨੂੰ ਛੱਡ ਕੇ ਵਿਭਾਗਾਂ ਦੀਆਂ ਸਕੀਮਾਂ ਦਾ ਲਾਭ ਪ੍ਰਾਪਤ ਕਰਕੇ ਖੇਤੀ ਵਿੱਚ ਵਿਭਿੰਨਤਾ ਲਿਆ ਰਹੇ ਹਨ ਅਤੇ ਆਰਥਿਕ ਤੌਰ 'ਤੇ ਮਜ਼ਬੂਤ ਹੋ ਰਹੇ ਹਨ। ਰਵਾਇਤੀ ਖੇਤੀ ਵਿੱਚ ਵਿਭਿੰਨਤਾ ਲਿਆਉਣ ਲਈ ਦਾਲਾਂ, ਸਬਜ਼ੀਆਂ, ਫੁੱਲਾਂ ਦੀ ਖੇਤੀ, ਨਕਦੀ ਫ਼ਸਲਾਂ (ਜਿਵੇਂ ਗੰਨਾ, ਕਪਾਹ), ਖੁੰਬਾਂ ਦੀ ਕਾਸ਼ਤ, ਫਲ-ਸਬਜ਼ੀਆਂ ਦੀ ਪ੍ਰੋਸੈਸਿੰਗ ਕਰਨਾ, ਸ਼ਹਿਦ ਦੀਆਂ ਮੱਖੀਆਂ ਪਾਲਣਾ, ਗੰਡੋਇਆਂ ਦੀ ਖਾਦ ਤਿਆਰ ਕਰਨਾ, ਸੀਜ਼ਨਲ ਫੁੱਲਾਂ ਦੇ ਗਮਲੇ ਤਿਆਰ ਕਰਨਾ, ਸਜਾਵਟੀ ਫੁੱਲਾਂ ਦੀ ਨਰਸਰੀ, ਫਲਦਾਰ ਬੂਟਿਆਂ ਦੀ ਨਰਸਰੀ, ਸਬਜ਼ੀਆਂ ਦੀਆਂ ਪਨੀਰੀਆਂ ਦੀ ਨਰਸਰੀ, ਰੇਸ਼ਮ ਦੇ ਕੀੜੇ ਪਾਲਣਾ, ਮੈਡੀਸਨਲ ਪੌਦੇ ਤਿਆਰ ਕਰਨੇ, ਆਰਗੈਨਿਕ ਖੇਤੀ, ਗੁੜ ਬਣਾਉਣਾ, ਫੁੱਲਾਂ ਦੇ ਬੀਜ ਤਿਆਰ ਕਰਨਾ ਅਤੇ ਲੈਂਡ ਸਕੇਪਿੰਗ ਦੇ ਕੰਮ ਕਰਨਾ ਸ਼ਾਮਿਲ ਹੈ। ਉਕਤ ਸਾਰੇ ਕੰਮਾਂ ਲਈ ਤਕਨੀਕੀ ਜਾਣਕਾਰੀ ਪ੍ਰਾਪਤ ਕਰਨਾ ਅਤੀ ਜ਼ਰੂਰੀ ਹੈ। ਤਕਨੀਕੀ ਜਾਣਕਾਰੀ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਵੱਖ-ਵੱਖ ਖੇਤੀਬਾੜੀ/ਬਾਗਬਾਨੀ ਨਾਲ ਸੰਬੰਧਿਤ ਕੋਰਸ ਕਰਵਾਏ ਜਾ ਰਹੇ ਹਨ। ਇਸ ਸੰਬੰਧੀ ਗਿਆਨ ਵਿੱਚ ਵਾਧਾ ਕਰਨ ਲਈ ਅਖਬਾਰਾਂ ਅਤੇ ਇਲੈਕਟਰੋਨਿਕ ਮੀਡੀਏ ਦੇ ਨਾਲ ਤਾਲਮੇਲ ਰੱਖਣਾ ਜ਼ਰੂਰੀ ਹੈ। ਸ਼ਹਿਰਾਂ ਵਿੱਚ ਤਾਂ ਲੋਕੀ ਜਾਗਰੂਕ ਹਨ, ਪਰ ਪੇਂਡੂ ਇਲਾਕਿਆਂ ਵਿੱਚ ਅਜੇ ਵੀ ਜਾਗਰੂਕਤਾ ਦੀ ਘਾਟ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਖੇਤੀਬਾੜੀ/ਬਾਗਬਾਨੀ ਸੰਬੰਧੀ ਹੇਠ ਲਿਖੇ ਕੋਰਸ ਕਰਵਾਏ ਜਾਂਦੇ ਹਨ :-






1. ਬੀ. ਐਸ. ਸੀ. ਖੇਤੀਬਾੜੀ (ਆਨਰਜ਼) ਅਤੇ ਐਮ. ਐਸ. ਸੀ. ਖੇਤੀਬਾੜੀ

2. ਬੀ. ਐਸ. ਸੀ. ਬਾਗਬਾਨੀ (ਆਨਰਜ਼) ਅਤੇ ਐਮ. ਐਸ. ਸੀ. ਬਾਗਬਾਨੀ

ਉਕਤ ਗਰੈਜੂਏਟ ਅਤੇ ਪੋਸਟ ਗਰੈਜੂਏਟ ਦੀਆਂ ਡਿਗਰੀਆਂ ਪ੍ਰਾਪਤ ਕਰਕੇ ਖੇਤੀਬਾੜੀ/ਬਾਗਬਾਨੀ ਵਿਕਾਸ ਅਫ਼ਸਰ, ਖੇਤੀਬਾੜੀ/ਬਾਗਬਾਨੀ ਸਹਾਇਕ ਪ੍ਰੋਫੈਸਰ, ਭੂਮੀ ਰੱਖਿਆ ਅਫ਼ਸਰ, ਖੇਤੀਬਾੜੀ ਵਿਕਾਸ ਅਫ਼ਸਰ ਪਸ਼ੂ ਪਾਲਣ ਵਿਭਾਗ, ਜੇ. ਈ./ਐਸ. ਡੀ. ਓ. ਬਾਗਬਾਨੀ ਪੀ. ਡਬਲਿਊ. ਡੀ. ਵਿਭਾਗ, ਜੇ. ਈ./ਐਸ. ਡੀ. ਓ. ਬਾਗਬਾਨੀ ਪੂਡਾ/ਗਮਾਡਾ, ਜੇ.



ਈ./ਐਸ. ਡੀ. ਓ. ਬਾਗਬਾਨੀ ਮਿਊਂਸਪਲ ਕਾਰਪੋਰੇਸ਼ਨਾਂ, ਜੇ. ਈ./ਐਸ. ਡੀ. ਓ. ਬਾਗਬਾਨੀ ਵੱਖ-ਵੱਖ ਯੂਨੀਵਰਸਿਟੀਆਂ, ਐਸ. ਡੀ. ਓ. ਬਾਗਬਾਨੀ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ, ਤਕਨੀਕੀ ਸਹਾਇਕ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਅਤੇ ਐਫ. ਸੀ. ਆਈ., ਮਾਰਕਫੈਡ, ਇਫਕੋ, ਕਰਿਭਕੋ, ਮਾਰਕੀਟ ਕਮੇਟੀ ਸੈਕਟਰੀ, ਜ਼ਿਲ੍ਹਾ ਮੰਡੀ ਅਫ਼ਸਰ, ਜੇ. ਈ./ਐਸ. ਡੀ. ਓ. ਬਾਗਬਾਨੀ ਪੀ. ਜੀ. ਆਈ., ਜੇ. ਈ./ਐਸ. ਡੀ. ਓ. ਯੂਨੀਅਨ ਟੈਰੀਟਰੀ ਚੰਡੀਗੜ੍ਹ, ਖੇਤੀਬਾੜੀ ਮਾਸਟਰ, ਖੇਤੀਬਾੜੀ ਸਹਾਇਕ/ਫੀਲਡ ਅਫਸਰ ਬੈਂਕ, ਸੈਕਸ਼ਨ ਅਫਸਰ ਬਾਗਬਾਨੀ ਦਿੱਲੀ ਡਿਵੈਲਪਮੈਂਟ ਅਥਾਰਟੀ, ਸੈਕਸ਼ਨ ਅਫਸਰ ਬਾਗਬਾਨੀ ਸੀ. ਪੀ. ਡਬਿਲਊ. ਡੀ. ਦਿੱਲੀ, ਐਚ. ਡੀ. ਓ./ਡਿਪਟੀ ਡਾਇਰੈਕਟਰ ਬਾਗਬਾਨੀ ਨੈਸ਼ਨਲ ਬਾਗਬਾਨੀ ਬੋਰਡ, ਸਾਰੀਆਂ ਕੀੜੇਮਾਰ ਦਵਾਈਆਂ ਅਤੇ ਬੀਜਾਂ ਦੀਆਂ ਕੰਪਨੀਆਂ ਵਿੱਚ ਨੌਕਰੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਉਕਤ ਤੋਂ ਇਲਾਵਾ ਇੰਡੀਅਨ ਫੋਰੈਸਟ ਸਰਵਿਸ ਵਿੱਚ ਨੌਕਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਹਰ ਕਿਸਮ ਦੇ ਗਰੈਜੂਏਟ ਪੱਧਰ ਦੇ ਪੇਪਰ ਦੇ ਕੇ ਵੀ ਸਰਕਾਰੀ ਨੌਕਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਬੀ. ਐਸ. ਸੀ. ਖੇਤੀਬਾੜੀ (ਆਨਰਜ਼) / ਬੀ. ਐਸ. ਸੀ. (ਬਾਗਬਾਨੀ) 4 ਸਾਲਾਂ ਦੀ ਡਿਗਰੀ ਹੈ। ਇਸ ਲਈ 10+2 ਨਾਨ-ਮੈਡੀਕਲ/ਮੈਡੀਕਲ ਵਿੱਚ ਯੋਗਤਾ ਜ਼ਰੂਰੀ ਹੈ। ਉਕਤ ਬੀ. ਐਸ. ਸੀ. ਖੇਤੀਬਾੜੀ (ਆਨਰਜ਼) ਦੀ ਡਿਗਰੀ 6 ਸਾਲਾਂ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ 6 ਸਾਲਾ ਕੋਰਸ ਵਿੱਚ ਯੋਗਤਾ ਮੈਟਰਿਕ ਰੱਖੀ ਗਈ ਹੈ ਅਤੇ ਇਹ ਪੰਜਾਬ ਦੇ ਪੇਂਡੂ ਬੱਚਿਆਂ ਲਈ ਬਹੁਤ ਹੀ ਲਾਭਦਾਇਕ ਹੈ।

**3. ਖੇਤੀਬਾੜੀ ਦਾ 2 ਸਾਲਾ ਕੋਰਸ** : ਇਸ ਦੀ ਯੋਗਤਾ 10+2 ਨਾਨ-ਮੈਡੀਕਲ/ਮੈਡੀਕਲ ਹੈ। ਇਹ ਕੋਰਸ ਕਰਨ ਉਪਰੰਤ ਖੇਤੀਬਾੜੀ ਵਿਭਾਗ, ਪੰਜਾਬ ਵਿੱਚ ਖੇਤੀਬਾੜੀ ਸਬ-ਇੰਸਪੈਕਟਰ ਦੀ ਨੌਕਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਆਪਣਾ ਕੋਈ ਵੀ ਖੇਤੀਬਾੜੀ ਨਾਲ ਸੰਬੰਧਿਤ ਕਾਰੋਬਾਰ ਸ਼ੁਰੂ ਕੀਤਾ ਜਾ ਸਕਦਾ ਹੈ।

**4. ਬਾਗਬਾਨੀ ਸੁਪਰਵਾਈਜ਼ਰ ਦਾ 1 ਸਾਲਾ ਕੋਰਸ** : ਇਸ ਦੀ ਯੋਗਤਾ 10+2 ਹੈ। ਇਹ ਕਿਸੇ ਵੀ ਸਟਰੀਮ ਵਿੱਚ ਹੋ ਸਕਦੀ ਹੈ। ਇਹ ਕੋਰਸ ਕਰਨ ਉਪਰੰਤ ਬਾਗਬਾਨੀ ਵਿਭਾਗ ਪੰਜਾਬ, ਪੀ. ਡਬਲਿਊ. ਡੀ. ਵਿਭਾਗ, ਮਿਊਂਸਪਲ ਕਾਰਪੋਰੇਸ਼ਨ, ਪੂਡਾ/ਗਮਾਡਾ, ਯੂਨੀਵਰਸਿਟੀਆਂ ਵਿੱਚ ਸੁਪਰਵਾਈਜ਼ਰ ਦੀ ਸਰਕਾਰੀ ਨੌਕਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਆਪਣਾ ਕੋਈ ਵੀ ਬਾਗਬਾਨੀ ਨਾਲ ਸੰਬੰਧਿਤ ਕਾਰੋਬਾਰ ਸ਼ੁਰੂ ਕੀਤਾ ਜਾ ਸਕਦਾ ਹੈ।

**5. ਫਲੋਰੀਕਲਚਰ ਐਂਡ ਲੈਂਡਸਕੇਪਿੰਗ ਵਿੱਚ 1 ਸਾਲਾ ਕੋਰਸ** : ਇਸ ਕੋਰਸ ਦੀ ਯੋਗਤਾ ਵੀ 10+2 ਹੈ। ਇਹ ਕਿਸੇ ਵੀ ਸਟਰੀਮ ਵਿੱਚ ਹੋ ਸਕਦੀ ਹੈ। ਇਹ ਕੋਰਸ ਕਰਕੇ ਵੀ ਆਪਣੀ ਨਰਸਰੀ ਸ਼ੁਰੂ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਸਰਕਾਰੀ ਅਦਾਰਿਆਂ ਵਿੱਚ ਨੌਕਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

**6. ਔਰਨਾਮੈਂਟਲ ਨਰਸਰੀ ਪ੍ਰੋਡਕਸ਼ਨ ਦਾ ਕੋਰਸ** : ਇਹ ਕੋਰਸ 6 ਮਹੀਨੇ ਦਾ ਹੈ ਅਤੇ ਇਸ ਦੀ ਯੋਗਤਾ 10ਵੀਂ ਪਾਸ ਹੈ। ਇਹ ਕੋਰਸ ਕਰਕੇ ਤੁਸੀਂ ਆਪਣੀ ਨਰਸਰੀ ਪ੍ਰੋਡਕਸ਼ਨ ਦਾ ਕੰਮ ਕਰ ਸਕਦੇ ਹੋ ਜਾਂ ਕਿਸੇ ਹੋਰ ਵੱਡੀ ਨਰਸਰੀ ਵਿੱਚ ਨੌਕਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪ੍ਰਾਈਵੇਟ ਅਦਾਰਿਆਂ ਵਿੱਚ ਵੀ ਨੌਕਰੀ ਪ੍ਰਾਪਤ ਹੋ ਸਕਦੀ ਹੈ।

ਪੰਜਾਬ ਦੇ ਨੌਜਵਾਨ ਕਿਸਾਨ ਵੀਰਾਂ ਅਤੇ ਭੈਣਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਉਕਤ ਦਰਸਾਏ ਡਿਪਲੋਮਾ / ਡਿਗਰੀ ਕੋਰਸ ਕਰਨ ਉਪਰੰਤ ਆਪਣਾ ਕੋਈ ਵੀ ਖੇਤੀਬਾੜੀ/ਬਾਗਬਾਨੀ ਨਾਲ ਸੰਬੰਧਿਤ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ। ਜਿਸ ਨਾਲ ਤੁਸੀਂ ਆਪ ਅਤੇ ਦੂਜਿਆਂ ਨੂੰ ਵੀ ਰੁਜ਼ਗਾਰ ਦੇ ਸਕੋਗੇ। ਇਹਨਾਂ ਕੰਮਾਂ ਲਈ ਤੁਸੀਂ ਖੇਤੀਬਾੜੀ / ਬਾਗਬਾਨੀ ਵਿਭਾਗ ਤੋਂ ਤਕਨੀਕੀ ਅਤੇ ਆਰਥਿਕ ਤੌਰ 'ਤੇ ਮੱਦਦ ਪ੍ਰਾਪਤ ਕਰ ਸਕਦੇ ਹੋ।



**ਸੋ ਅੰਤ ਵਿੱਚ ਫਿਰ ਬੇਨਤੀ ਕਰਦਾ ਹਾਂ ਕਿ ਖੇਤੀਬਾੜੀ / ਬਾਗਬਾਨੀ ਵਿਭਾਗ ਅਤੇ ਪੀ. ਏ. ਯੂ., ਲੁਧਿਆਣਾ ਦੇ ਮਾਹਿਰਾਂ ਨਾਲ ਸੰਪਰਕ ਕਰਕੇ ਆਪਣੇ ਸੁਪਨਿਆਂ ਨੂੰ ਪੂਰਾ ਕਰ ਸਕਦੇ ਹੋ। ਪੰਜਾਬ ਦੇ ਬਹੁਤ ਸਾਰੇ ਖੇਤੀਬਾੜੀ ਟੈਕਨੋਕਰੇਟਾਂ ਨੇ ਵਿਦੇਸ਼ਾਂ ਵਿੱਚ ਜਾ ਕੇ ਖੇਤੀਬਾੜੀ ਕਿੱਤੇ ਅਤੇ ਖੇਤੀਬਾੜੀ ਮਾਹਿਰਾਂ ਦੀ ਨੌਕਰੀ ਪ੍ਰਾਪਤ ਕੀਤੀ ਹੈ। ਤੁਸੀਂ ਤੁਰੰਤ ਕਾਰਵਾਈ ਲਈ ਪੀ. ਏ. ਯੂ., ਲੁਧਿਆਣਾ ਵਿਖੇ ਸੰਪਰਕ ਕਰ ਸਕਦੇ ਹੋ।**

# ਸਫਲ ਫ਼ਸਲੀ ਵਿਭਿੰਨਤਾ ਮਾਡਲ - ਸੁਰਿੰਦਰ ਕੁਮਾਰ



ਸੁਰਿੰਦਰ ਕੁਮਾਰ ਦਰਿਆਪੁਰ



ਕਿਸਾਨ ਬਲਾਕ ਖੇਤੀਬਾੜੀ ਅਫਸਰ ਔੜ ਦੀ ਟੀਮ ਨੂੰ ਜੀਵ ਅੰਮ੍ਰਿਤ ਅਤੇ ਕਣਕ ਦੀ ਫ਼ਸਲ ਦਿਖਾਉਂਦੇ ਹੋਏ ।

**ਪਰਮਵੀਰ ਕੌਰ (ਡਿਪਟੀ ਪ੍ਰੋਜੈਕਟ ਡਾਇਰੈਕਟਰ) ਅਤੇ ਕਮਲਦੀਪ ਸਿੰਘ ਸੰਘਾ (ਪ੍ਰੋਜੈਕਟ ਡਾਇਰੈਕਟਰ), ਆਤਮਾ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਸ਼ਹੀਦ ਭਗਤ ਸਿੰਘ ਨਗਰ**

ਸੁਰਿੰਦਰ ਕੁਮਾਰ ਪੁੱਤਰ ਸ਼੍ਰੀ ਬਸ਼ੰਬਰ ਲਾਲ, ਪਿੰਡ ਦਰਿਆਪੁਰ, ਬਲਾਕ ਔੜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਵਸਨੀਕ ਹੈ। ਇਹ ਇੱਕ ਅਗਾਂਹਵਧੂ ਕਿਸਾਨ ਹੈ । ਇਸ ਕਿਸਾਨ ਨੇ ਬਾਰ੍ਹਵੀਂ ਤੱਕ ਦੀ ਪੜ੍ਹਾਈ ਕੀਤੀ ਹੋਈ ਹੈ ਅਤੇ ਇਸ ਦੀ ਉਮਰ 55 ਸਾਲ ਹੈ। ਸ਼੍ਰੀ ਸੁਰਿੰਦਰ ਕੁਮਾਰ 16 ਏਕੜ ਦੀ ਖੇਤੀ ਕਰਦੇ ਹਨ, ਜਿਨ੍ਹਾਂ ਵਿੱਚੋਂ 11 ਏਕੜ ਮਾਲਕੀ ਅਤੇ 5 ਏਕੜ ਠੇਕੇ 'ਤੇ ਲੈ ਕੇ ਖੇਤੀ ਕਰਦੇ ਹਨ। ਇਸ ਕਿਸਾਨ ਕੋਲ ਖੇਤੀਬਾੜੀ ਲਈ ਵੱਖ-ਵੱਖ ਤਰ੍ਹਾਂ ਦੀ ਮਸ਼ੀਨਰੀ ਮੌਜੂਦ ਹੈ, ਜਿਨ੍ਹਾਂ ਵਿੱਚੋਂ ਮੁੱਖ ਤੌਰ 'ਤੇ ਟਰੈਕਟਰ, ਟਰਾਲੀ, ਸੁਹਾਗਾ, ਫਾਲੇ ਆਦਿ ਹਨ ਅਤੇ ਬਾਕੀ ਦੀ ਮਸ਼ੀਨਰੀ ਸੁਸਾਇਟੀ ਤੋਂ ਕਿਰਾਏ 'ਤੇ ਲੈ ਕੇ ਖੇਤੀ ਕਰਦੇ ਹਨ । ਸ਼੍ਰੀ ਸੁਰਿੰਦਰ ਕੁਮਾਰ ਨੂੰ ਬਚਪਨ ਤੋਂ ਹੀ ਖੇਤੀ ਦਾ ਸ਼ੌਂਕ ਸੀ ਅਤੇ ਉਹ ਆਪਣੇ ਮਾਤਾ ਪਿਤਾ ਨਾਲ ਬਚਪਨ ਤੋਂ ਹੀ ਖੇਤੀ ਦੇ ਕੰਮ ਵਿੱਚ ਹੱਥ ਵਟਾਉਂਦੇ ਸਨ। ਉਹਨਾਂ ਨੇ ਲੰਬੇ ਸਮੇਂ ਤੋਂ ਝੋਨੇ ਦੀ ਪਰਾਲੀ ਅਤੇ ਕਣਕ ਦੀ ਨਾੜ ਨੂੰ ਅੱਗ ਨਹੀਂ ਲਗਾਈ ਅਤੇ ਪਿਛਲੇ 2 ਸਾਲਾਂ ਤੋਂ ਪੂਰੀ ਤਰ੍ਹਾਂ ਔਰਗੈਨਿਕ ਖੇਤੀ ਕਰ ਰਹੇ ਹਨ । ਇਹ ਆਪਣੇ ਖੇਤਾਂ ਵਿੱਚ ਗੰਨਾ, ਝੋਨਾ ਅਤੇ ਕਣਕ ਆਦਿ ਦੀ ਆਰਗੈਨਿਕ ਖੇਤੀ ਕਰਦਾ ਹੈ । ਪਿਛਲੇ ਸਾਲ ਇਸ ਕਿਸਾਨ ਨੇ 4 ਕਨਾਲ ਰਕਬੇ 'ਤੇ ਆਰਗੈਨਿਕ ਗੰਨਾ ਬੀਜਿਆ ਸੀ, ਜਿਸ ਵਿੱਚ ਉਸ ਨੇ ਰਸਾਇਣਿਕ ਖਾਦਾਂ ਦੀ ਜਗ੍ਹਾ 'ਤੇ ਬਾਇਓਖਾਦ (ਜੀਵ ਅੰਮ੍ਰਿਤ) ਪਾਇਆ, ਜਿਸ ਨਾਲ ਖੇਤਾਂ ਵਿੱਚ ਪੌਸ਼ਟਿਕ ਤੱਤਾਂ ਦੀ ਮਾਤਰਾ ਵੱਧਦੀ ਹੈ। ਉਸਨੇ ਗੰਨੇ ਦੀ ਸੁੰਡੀ ਨੂੰ ਕੰਟਰੋਲ ਕਰਨ ਲਈ ਜੀਵ ਰੱਖਿਅਕ ਦੀ ਵਰਤੋਂ ਕੀਤੀ ਅਤੇ ਉਸ ਤੋਂ ਬਾਅਦ ਗੰਨੇ ਦੀ ਫ਼ਸਲ 'ਤੇ ਸੁੰਡੀ ਦਾ ਕੋਈ ਹਮਲਾ ਨਹੀਂ ਹੋਇਆ । ਕਿਸਾਨ ਨੂੰ 4 ਕਨਾਲ ਗੰਨੇ ਵਿੱਚੋਂ 200 ਕੁਇੰਟਲ ਝਾੜ ਪ੍ਰਾਪਤ ਹੋਇਆ । ਇਹ ਕਿਸਾਨ ਪਾਪੂਲਰ ਦੀ ਨਰਸਰੀ ਤਿਆਰ ਕਰਦਾ ਹੈ ਅਤੇ ਉਸ ਦੇ ਕੋਲ ਪਾਪੂਲਰ ਦੀਆਂ 4 ਕਿਸਮਾਂ ਵਿਮਕੋ-109, ਵਿਮਕੋ-110, ਵਿਮਕੋ-111 ਅਤੇ ਵਿਮਕੋ-112 ਉਪਲੱਬਧ ਹਨ। ਇਸ ਸਾਲ ਉਸ ਨੇ ਪਾਪੂਲਰ ਦੀ ਨਰਸਰੀ ਦਾ 10000 ਬੂਟਾ ਲਗਾਇਆ ਹੋਇਆ ਹੈ, ਜੋ ਤਿਆਰ ਕਰਕੇ ਉਹ ਦਸੰਬਰ 2025 ਵਿੱਚ ਮਾਰਕੀਟ ਵਿੱਚ ਵੇਚਣਗੇ । ਇਸ ਵੇਲੇ ਪਾਪੂਲਰ ਦੇ ਬੂਟੇ ਦਾ ਰੇਟ 25 ਰੁਪਏ ਪ੍ਰਤੀ ਬੂਟਾ ਹੈ। ਪਿਛਲੇ ਸਾਲ ਉਹਨਾਂ ਨੇ ਪਾਪਲਰ ਦੀ ਨਰਸਰੀ ਵਿੱਚ 1000 ਬੂਟਾ ਤਿਆਰ ਕੀਤਾ ਸੀ, ਜਿਸ ਵਿੱਚੋਂ ਉਸ ਨੇ 600 ਬੂਟਾ ਆਪਣੇ ਖੇਤਾਂ ਵਿੱਚ ਲਗਾਇਆ ਅਤੇ 400 ਬੂਟੇ ਦੀ ਸੇਲ ਦੂਸਰੇ ਕਿਸਾਨਾਂ ਨੂੰ 25 ਰੁਪਏ ਪ੍ਰਤੀ ਬੂਟਾ ਦੇ ਹਿਸਾਬ ਨਾਲ ਕੀਤੀ, ਜਿਸ ਵਿੱਚੋਂ ਉਸ ਨੂੰ 10,000/- ਰੁਪਏ ਦੀ ਆਮਦਨ ਹੋਈ ।

ਪਿਛਲੇ ਸਾਲ ਉਸ ਨੇ 11 ਖੇਤਾਂ ਵਿੱਚ ਝੋਨਾ ਲਗਾਇਆ, ਜਿਸ ਵਿੱਚ ਉਸ ਨੇ ਸਿਰਫ 22 ਕਿਲੋ ਯੂਰੀਆ ਪ੍ਰਤੀ ਏਕੜ ਦੀ ਵਰਤੋਂ ਕੀਤੀ ਅਤੇ 80% ਖਾਦਾਂ ਦੀ ਬੱਚਤ ਕੀਤੀ ਅਤੇ 29.5 ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਕੀਤਾ। ਉਸ ਦੀ ਝੋਨੇ ਦੀ ਫ਼ਸਲ ਨੂੰ ਕੋਈ ਬਿਮਾਰੀ ਅਤੇ ਕੀੜਾ-ਮਕੌੜਾ ਨਹੀਂ ਲੱਗਿਆ ਅਤੇ ਨਾ ਹੀ ਫ਼ਸਲ ਡਿੱਗਣ ਦੀ ਸਮੱਸਿਆ ਆਈ। ਮੰਡੀ ਵਿੱਚ ਉਸ ਨੂੰ ਝੋਨੇ ਵੇਚਣ ਦੀ ਵੀ ਕੋਈ ਸਮੱਸਿਆ ਨਹੀਂ ਆਈ। ਉਸਨੇ ਪਿਛਲੇ 2 ਸਾਲਾਂ ਤੋਂ ਪਾਪੂਲਰ ਦੇ 8 ਏਕੜ ਲਗਾਏ ਹੋਏ ਹਨ, ਜਿਹੜੇ ਕਿ 4 ਸਾਲਾਂ ਵਿੱਚ ਤਿਆਰ ਹੋ ਜਾਣਗੇ । ਉਸ ਨੇ ਇੱਕ ਏਕੜ ਵਿੱਚ 300 ਬੂਟਾ ਲਗਾਇਆ ਹੋਇਆ ਹੈ । ਇਸ ਤੋਂ ਇਲਾਵਾ ਉਸ ਨੇ ਪਾਪੂਲਰ ਦੇ ਖੇਤਾਂ ਵਿੱਚ ਮਟਰਾਂ ਦੀ ਇੰਟਰ ਕਰੋਪਿੰਗ ਕੀਤੀ ਸੀ, ਜਿਸ ਤੋਂ 31 ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਹੋਇਆ । ਪਿਛਲੇ ਸਾਲ ਉਸ ਨੇ ਪਾਪੂਲਰ ਵਿੱਚ ਮੱਕੀ ਦੀ ਇੰਟਰ ਕਰੋਪਿੰਗ ਕੀਤੀ, ਜਿਸ ਵਿੱਚ ਉਹਨਾਂ ਨੂੰ 45 ਕੁਇੰਟਲ ਮੱਕੀ ਦਾ ਝਾੜ ਪ੍ਰਾਪਤ ਹੋਇਆ ਅਤੇ 68,000/- ਰੁਪਏ ਦੀ ਆਮਦਨ ਹੋਈ ।

ਉਹਨਾਂ ਨੇ ਗੰਨੇ ਦੀ ਕਾਸ਼ਤ ਤੋਂ ਬਾਅਦ ਬਿਨਾਂ ਖੇਤ ਨੂੰ ਵਾਹੇ ਕਣਕ ਦਾ ਛੱਟਾ ਲਗਾ ਕੇ ਬਿਜਾਈ ਕੀਤੀ, ਪਿਛਲੇ ਸਾਲ ਨਾਲੋਂ ਇਹ ਕਣਕ ਵਧੀਆ ਝਾੜ ਦੇਵੇਗੀ । ਉਸ ਨੇ ਪਾਪੂਲਰ ਵਿੱਚ ਗੰਨੇ ਅਤੇ ਕਣਕ ਦੀ ਇੰਟਰ ਕਰੋਪਿੰਗ ਕੀਤੀ ਹੈ, ਜੋ ਬਿਨਾਂ ਡੀ. ਏ. ਪੀ. ਖਾਦ ਤੋਂ ਬੀਜੀ ਹੈ। ਕਿਸਾਨ ਨੇ 1000 ਲਿਫਾਫਿਆਂ ਵਿੱਚ ਇੱਕ ਅੱਖ ਵਾਲੀ ਗੰਨੇ ਦੀ ਨਰਸਰੀ ਤਿਆਰ ਕੀਤੀ ਹੈ, ਜਿਸ ਵਿੱਚ 2 ਕਿਸਮਾਂ ਸੀ. ਓ. ਪੀ. ਬੀ.-95 ਅਤੇ ਸੀ. ਓ.-118 ਹਨ । ਅਗਲੇ ਸਾਲ ਉਹ ਆਰਗੈਨਿਕ ਗੁੜ੍ਹ ਤਿਆਰ ਕਰਨ ਲਈ ਵੇਲਣਾ ਲਗਾਉਣ ਦੀ ਤਿਆਰੀ ਕਰ ਰਹੇ ਹਨ ।

ਇਹ ਕਿਸਾਨ ਖੇਤੀਬਾੜੀ ਵਿਭਾਗ ਵੱਲੋਂ ਆਤਮਾ ਸਕੀਮ ਅਧੀਨ ਲਗਾਏ ਗਏ ਕਿਸਾਨ ਮੇਲਿਆਂ, ਟਰੇਨਿੰਗਾਂ ਅਤੇ ਐਕਸਪੋਜ਼ਰ ਵਿਜ਼ਿਟਾਂ ਵਿੱਚ ਵੀ ਵੱਧ ਚੜ੍ਹ ਕੇ ਭਾਗ ਲੈਂਦਾ ਹੈ ਅਤੇ ਨਵੀਨਤਮ ਖੇਤੀਬਾੜੀ ਤਕਨੀਕਾਂ ਨੂੰ ਅਪਣਾ ਕੇ ਖੇਤੀਬਾੜੀ ਕਰਦਾ ਹੈ ।



ਕਿਸਾਨ ਆਪਣੀ ਗੰਨੇ ਦੀ ਨਰਸਰੀ ਡਿਪਟੀ ਪ੍ਰੋਜੈਕਟ ਡਾਇਰੈਕਟਰ (ਆਤਮਾ) ਨੂੰ ਦਿਖਾਉਂਦੇ ਹੋਏ ।



ਕਿਸਾਨ ਆਪਣੀ ਪਾਪੂਲਰ ਦੀ ਫ਼ਸਲ ਅਤੇ ਨਰਸਰੀ ਡਿਪਟੀ ਪ੍ਰੋਜੈਕਟ ਡਾਇਰੈਕਟਰ (ਆਤਮਾ) ਨੂੰ ਦਿਖਾਉਂਦੇ ਹੋਏ ।




ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com